30-SEP-PAGE-1.qxd 9/29/2024 8:59 PM Page 1

ਸੋਮਵਾਰ, 30 ਸਤੰਬਰ, 2024
15 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 120

ਨਵਾਂ ਜ਼ਮਾਨਾ

DAILY NAWAN ZAMANA • MONDAY, 30 SEPTEMBER, 2024
ਜਲੰਧਰ
nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਨਾਮੀ ਸਨਅਤਕਾਰ ਐੱਸ ਪੀ ਓਸਵਾਲ ਨੂੰ ਬੇਵਕੂਫ ਬਣਾ ਕੇ 7 ਕਰੋੜ ਦੀ ਠੱਗੀ

ਲੁਧਿਆਣਾ : ਮਸ਼ਹੂਰ ਟੈਕਸਟਾਈਲ ਸਪਿਨਿੰਗ ਕੰਪਨੀ ਵਰਧਮਾਨ ਗਰੁੱਪ ਦੇ ਚੇਅਰਮੈਨ ਐੱਸ ਪੀ ਓਸਵਾਲ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੇ ਨਾਂਅ 'ਤੇ ਗ੍ਰਿਫਤਾਰ ਕਰਨ ਤੇ ਮਾਣਹਾਨੀ ਦੀ ਧਮਕੀ ਦੇ ਕੇ 7 ਕਰੋੜ ਦੀ ਠੱਗੀ ਕਰ ਲਈ ਗਈ। ਉਨ੍ਹਾ ਨੂੰ ਜਾਇਦਾਦ ਸੀਲ ਕਰਨ ਤੇ ਗ੍ਰਿਫਤਾਰ ਕਰਨ ਲਈ ਫਰਜ਼ੀ ਵਾਰੰਟ ਭੇਜ ਕੇ ਪੈਸੇ ਲੈ ਲਏ ਗਏ। ਜਦੋਂ ਓਸਵਾਲ ਨੂੰ ਧੋਖਾਧੜੀ ਦੀ ਭਿਣਕ ਲੱਗੀ ਤਾਂ ਉਨ੍ਹਾ ਲੁਧਿਆਣਾ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ। ਪੁਲਸ ਨੇ ਕੇਸ ਦਰਜ ਕਰਕੇ ਭਾਰਤੀ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ ਦੀ ਮਦਦ ਨਾਲ ਦੋ ਠੱਗ ਅਸਾਮ ਦੇ ਗੁਹਾਟੀ ਤੋਂ ਗ੍ਰਿਫਤਾਰ ਕਰ ਲਏ ਹਨ।

ਮੁੱਖ ਤੌਰ 'ਤੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਇਨ੍ਹਾਂ ਮੁਲਜ਼ਮਾਂ ਕੋਲੋਂ 5.25 ਕਰੋੜ ਰੁਪਏ, ਛੇ ਏ ਟੀ ਐੱਮ ਕਾਰਡ ਤੇ ਤਿੰਨ ਮੋਬਾਈਲ ਬਰਾਮਦ ਕੀਤੇ ਗਏ ਹਨ। ਪੁਲਸ ਦੀਆਂ ਚਾਰ ਟੀਮਾਂ ਇਕ ਔਰਤ ਸਮੇਤ 7 ਹੋਰ ਮੁਲਜ਼ਮਾਂ ਨੂੰ ਨੱਪਣ ਲਈ ਬੰਗਾਲ ਤੇ ਆਸਾਮ ਲਈ ਗਈਆਂ ਹਨ। ਗ੍ਰਿਫਤਾਰ ਕੀਤੇ ਗਏ ਮੁਲਜ਼ਮ ਗੁਹਾਟੀ ਵਾਸੀ ਅਤਨੂ ਚੌਧਰੀ ਤੇ ਅਨੰਤ ਕੁਮਾਰ ਚੌਧਰੀ ਹਨ। ਦੱਸਿਆ ਜਾ ਰਿਹਾ ਹੈ ਕਿ ਪੈਸੇ ਦੀ ਇਹ ਬਰਾਮਦਗੀ ਦੇਸ਼ 'ਚ ਆਨਲਾਈਨ ਧੋਖਾਧੜੀ ਦੇ ਮਾਮਲੇ 'ਚ ਹੁਣ ਤੱਕ ਦੀ ਸਭ ਤੋਂ ਵੱਡੀ ਹੈ।

ਐੱਸ ਪੀ ਓਸਵਾਲ ਨੂੰ 2010 'ਚ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਵਰਧਮਾਨ ਗਰੁੱਪ ਦੇਸ਼ ਦੇ ਮਸ਼ਹੂਰ ਗਰੁੱਪਾਂ ਵਿੱਚੋਂ ਇੱਕ ਹੈ। ਇਸ ਦੀਆਂ ਵਿਦੇਸ਼ਾਂ 'ਚ ਵੀ ਸ਼ਾਖਾਵਾਂ ਹਨ।

ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਐੱਸ ਪੀ ਓਸਵਾਲ ਨੇ ਦੱਸਿਆ ਕਿ ਹਾਲ ਹੀ 'ਚ ਉਨ੍ਹਾ ਦੇ ਮੋਬਾਈਲ 'ਤੇ ਇੱਕ ਕਾਲ ਆਈ ਸੀ। ਫੋਨ ਕਰਨ ਵਾਲੇ ਨੇ ਦੱਸਿਆ ਕਿ ਉਹ ਦਿੱਲੀ ਦਾ ਰਹਿਣ ਵਾਲਾ ਹੈ ਅਤੇ ਸੁਪਰੀਮ ਕੋਰਟ ਵੱਲੋਂ ਉਸ ਦੇ ਨਾਂਅ 'ਤੇ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾ ਦੀ ਜਾਇਦਾਦ ਸੀਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਠੱਗਾਂ ਨੇ ਸੁਪਰੀਮ ਕੋਰਟ ਦੇ ਨਾਲ-ਨਾਲ ਈ ਡੀ, ਸੀ ਬੀ ਆਈ, ਕਸਟਮ ਵਿਭਾਗ ਦਾ ਹਵਾਲਾ ਦਿੱਤਾ। ਇੱਕ ਦਿਨ ਠੱਗਾਂ ਨੇ ਉਸ ਨੂੰ ਵੀਡੀਓ ਕਾਲ ਕੀਤੀ, ਜਿਸ 'ਚ ਇੱਕ ਮੁਲਜ਼ਮ ਉਨ੍ਹਾ ਨਾਲ ਅੰਗਰੇਜ਼ੀ 'ਚ ਗੱਲ ਕਰ ਰਿਹਾ ਸੀ। ਗੱਲ ਕਰਨ ਦੇ ਲਹਿਜ਼ੇ ਤੋਂ ਲੱਗਿਆ ਕਿ ਉਹ ਕਾਫੀ ਪੜ੍ਹਿਆ-ਲਿਖਿਆ ਹੈ। ਉਹ ਵਾਰ-ਵਾਰ ਵਰਧਮਾਨ ਅਤੇ ਆਪਣਾ ਨਾਂਅ ਲੈ ਰਿਹਾ ਸੀ।

ਮੁਲਜ਼ਮਾਂ ਨੇ ਓਸਵਾਲ ਨੂੰ ਫੋਨ ਕਰਕੇ ਕਿਹਾ ਕਿ ਉਨ੍ਹਾ ਦਾ ਨਾਂਅ ਵੀ ਉਸ ਕੇਸ 'ਚ ਸ਼ਾਮਲ ਹੈ, ਜਿਸ 'ਚ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਹੈ। ਜਦੋਂ ਉਹ ਨਹੀਂ ਮੰਨੇ ਤਾਂ ਸੁਪਰੀਮ ਕੋਰਟ ਦੀ ਤਰਫੋਂ ਜਾਇਦਾਦ ਸੀਲ ਕਰਨ ਦੇ ਹੁਕਮ ਦੇ ਨਾਲ-ਨਾਲ ਉਨ੍ਹਾ ਦੀ ਗ੍ਰਿਫਤਾਰੀ ਲਈ ਵਾਰੰਟ ਵੀ ਭੇਜ ਦਿੱਤੇ। ਹੌਲੀ-ਹੌਲੀ ਠੱਗਾਂ ਨੇ ਉਨ੍ਹਾ ਨੂੰ ਆਪਣੇ ਜਾਲ 'ਚ ਫਸਾ ਲਿਆ।

ਜਦੋਂ ਓਸਵਾਲ ਨੂੰ ਯਕੀਨ ਹੋ ਗਿਆ ਕਿ ਉਨ੍ਹਾ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ, ਤਾਂ ਉਨ੍ਹਾ ਠੱਗਾਂ ਤੋਂ ਸੁਰੱਖਿਆ ਦੀ ਮੰਗ ਕੀਤੀ। ਠੱਗਾਂ ਨੇ ਬਚਾਉਣ ਅਤੇ ਕੇਸ ਵਿੱਚੋਂ ਬਾਹਰ ਕਰਾਉਣ ਲਈ 7 ਕਰੋੜ ਰੁਪਏ ਦੀ ਮੰਗ ਕੀਤੀ। ਉਨ੍ਹਾ ਮੁਲਜ਼ਮਾਂ ਨੂੰ ਪੈਸੇ ਦੇ ਦਿੱਤੇ। ਓਸਵਾਲ ਨੇ ਦੱਸਿਆ ਕਿ ਠੱਗਾਂ ਨੂੰ ਦੇਸ਼ ਦੀਆਂ ਸਰਕਾਰੀ ਏਜੰਸੀਆਂ ਬਾਰੇ ਪੂਰੀ ਜਾਣਕਾਰੀ ਸੀ। ਕਾਨੂੰਨ ਦੀ ਵੀ ਚੰਗੀ ਜਾਣਕਾਰੀ ਸੀ। ਠੱਗ ਵਾਰ-ਵਾਰ ਕਹਿ ਰਿਹਾ ਸੀ ਕਿ ਤੁਸੀਂ ਵਰਧਮਾਨ ਗਰੁੱਪ ਦੇ ਮਾਲਕ ਹੋ ਅਤੇ ਦੇਸ਼ 'ਚ ਤੁਹਾਡੀ ਵੱਖਰੀ ਪਛਾਣ ਹੈ। ਠੱਗਾਂ ਨੇ ਮਾਣਹਾਨੀ ਦਾ ਡਰ ਦਿਖਾਉਂਦੇ ਹੋਏ ਕਿਹਾ ਕਿ ਸੁਰੱਖਿਆ ਚਾਹੀਦੀ ਹੈ ਤਾਂ ਦੇਖ ਲਓ, ਨਹੀਂ ਤਾਂ ਤੁਹਾਡੀ ਮਰਜ਼ੀ ਹੈ, ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ ਹਨ, ਇਸ ਨਾਲ ਤੁਹਾਡੀ ਕੰਪਨੀ ਦਾ ਨਾਂਅ ਬਦਨਾਮ ਹੋਵੇਗਾ। ਠੱਗ ਉਨ੍ਹਾ ਨੂੰ ਗ੍ਰਿਫਤਾਰੀ ਵਾਰੰਟਾਂ ਬਾਰੇ ਵਾਰ-ਵਾਰ ਦੱਸ ਕੇ ਕਹਿੰਦੇ ਰਹੇ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ ਅਤੇ ਤੁਸੀਂ ਕਿਰਪਾ ਕਰਕੇ ਜਾਂਚ 'ਚ ਸਹਿਯੋਗ ਕਰੋ। ਉਹ ਤੁਹਾਨੂੰ ਅਤੇ ਕੰਪਨੀ ਨੂੰ ਬਦਨਾਮ ਨਹੀਂ ਹੋਣ ਦੇਣਗੇ, ਕਿਉਂਕਿ ਉਹ ਜਾਣਦੇ ਹਨ ਕਿ ਤੁਸੀਂ ਸਤਿਕਾਰਯੋਗ ਵਿਅਕਤੀ ਹੋ।

ਓਸਵਾਲ ਨਾਲ ਧੋਖਾਧੜੀ ਕਰਨ ਤੋਂ ਪਹਿਲਾਂ ਠੱਗਾਂ ਨੇ ਕੁਝ ਦਿਨ ਪਹਿਲਾਂ ਹੀ ਲੁਧਿਆਣਾ ਦੇ ਇੱਕ ਹੋਰ ਕਾਰੋਬਾਰੀ ਰਜਨੀਸ਼ ਆਹੂਜਾ ਨਾਲ ਇੱਕ ਕਰੋੜ ਰੁਪਏ ਤੋਂ ਵੱਧ ਦੀ ਠੱਗੀ ਮਾਰੀ ਸੀ। ਉਹ ਠੱਗ ਵੀ ਬੋਲਣ ਤੋਂ ਕਾਫੀ ਪੜ੍ਹੇ-ਲਿਖੇ ਜਾਪਦੇ ਸਨ।

ਕਠੂਆ ਦੇ ਪਿੰਡ 'ਚ ਦਹਿਸ਼ਤਗਰਦ ਹਲਾਕ

ਮੁਕਾਬਲਾ ਸ਼ੁਰੂ ਹੋਣ ਤੋਂ ਬਾਅਦ ਬਨੀ-ਬਿਲਾਵਰ ਸੜਕ 'ਤੇ ਮੁਸਤੈਦ ਸੁਰੱਖਿਆ ਜਵਾਨ।

ਜੰਮੂ : ਕਠੂਆ ਜ਼ਿਲ੍ਹੇ ਦੀ ਬਿਲਾਵਰ ਤਹਿਸੀਲ ਦੇ ਦੂਰ-ਦੁਰਾਡੇ ਦੇ ਪਿੰਡ ਕੋਗ-ਮਾਂਡਿਲ ਵਿਚ ਮੁਕਾਬਲੇ ਦੌਰਾਨ ਐਤਵਾਰ ਇਕ ਦਹਿਸ਼ਤਗਰਦ ਮਾਰਿਆ ਗਿਆ। ਜੰਮੂ ਜ਼ੋਨ ਦੇ ਐਡੀਸ਼ਨਲ ਡੀ ਜੀ ਪੀ ਆਨੰਦ ਜੈਨ ਨੇ ਦੱਸਿਆ ਕਿ ਤਿੰਨ-ਚਾਰ ਵਿਦੇਸ਼ੀ ਦਹਿਸ਼ਤਗਰਦਾਂ ਦੀ ਮੌਜੂਦਗੀ ਦੀ ਸੂਚਨਾ ਮਿਲਣ 'ਤੇ ਸ਼ਨੀਵਾਰ ਪਿੰਡ ਵਿਚ ਤਲਾਸ਼ੀ ਮੁਹਿੰਮ ਚਲਾਈ ਗਈ ਸੀ। ਸ਼ਾਮ ਨੂੰ ਦਹਿਸ਼ਤਗਰਦਾਂ ਦੀ ਗੋਲੀਬਾਰੀ ਨਾਲ ਕਾਂਸਟੇਬਲ ਬਸ਼ੀਰ ਅਹਿਮਦ ਸ਼ਹੀਦ ਹੋ ਗਿਆ ਸੀ ਅਤੇ ਡੀ ਐੱਸ ਪੀ ਤੇ ਏ ਐੱਸ ਆਈ ਜ਼ਖਮੀ ਹੋ ਗਏ ਸਨ।

ਮੁਕਾਬਲੇ ਵਾਲੀ ਥਾਂ ਨੇੜੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੈਨ ਨੇ ਕਿਹਾ ਕਿ ਬਾਕੀ ਦਹਿਸ਼ਤਗਰਦਾਂ ਨੂੰ ਫੜਨ ਜਾਂ ਖਤਮ ਕਰਨ ਲਈ ਅਪ੍ਰੇਸ਼ਨ ਜਾਰੀ ਹੈ।

ਪ੍ਰਕਾਸ਼ ਕਰਤ ਪਾਰਟੀ ਕਾਂਗਰਸ ਤੱਕ ਕੋਆਰਡੀਨੇਟਰ ਬਣਾਏ

ਨਵੀਂ ਦਿੱਲੀ : ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੂਰੀ ਦੀ ਮੌਤ ਦੇ ਦੋ ਹਫਤਿਆਂ ਬਾਅਦ ਕੇਂਦਰੀ ਲੀਡਰਸ਼ਿਪ ਨੇ ਐਤਵਾਰ ਪ੍ਰਕਾਸ਼ ਕਰਤ ਨੂੰ ਪੋਲਿਟ ਬਿਊਰੋ ਤੇ ਕੇਂਦਰੀ ਕਮੇਟੀ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਹੈ। 2005 ਤੋਂ 2015 ਤੱਕ ਜਨਰਲ ਸਕੱਤਰ ਰਹੇ ਕਰਤ ਅਗਲੇ ਸਾਲ ਨਵੇਂ ਜਨਰਲ ਸਕੱਤਰ ਦੀ ਚੋਣ ਤੱਕ ਅੰਤਰਮ ਪ੍ਰਬੰਧ ਵਜੋਂ ਪਾਰਟੀ ਦਾ ਕੰਮਕਾਜ ਚਲਾਉਣਗੇ। ਹਾਲਾਂਕਿ ਇਹ ਆਰਜ਼ੀ ਪ੍ਰਬੰਧ ਹੈ, ਕਰਤ ਦੀ ਵਾਪਸੀ ਦਰਸਾਉਂਦੀ ਹੈ ਕਿ ਪਾਰਟੀ ਲਗਾਤਾਰਤਾ ਬਣਾਈ ਰੱਖਣਾ ਚਾਹੁੰਦੀ ਹੈ। ਨਵਾਂ ਜਨਰਲ ਸਕੱਤਰ ਅਗਲੇ ਸਾਲ ਅਪ੍ਰੈਲ ਵਿਚ ਤਾਮਿਲਨਾਡੂ ਦੇ ਮਦੁਰਾਇ ਵਿਚ ਹੋਣ ਵਾਲੀ ਪਾਰਟੀ ਕਾਂਗਰਸ ਵਿਚ ਚੁਣਿਆ ਜਾਣਾ ਹੈ। ਪਾਰਟੀ ਨੂੰ ਉਦੋਂ ਤੱਕ ਤਜਰਬੇਕਾਰ ਆਗੂ ਦੀ ਲੋੜ ਹੈ। ਪਾਰਟੀ ਕਾਂਗਰਸ ਤੋਂ ਪਹਿਲਾਂ ਮਹਾਰਾਸ਼ਟਰ ਤੇ ਝਾਰਖੰਡ ਅਸੰਬਲੀ ਚੋਣਾਂ ਹੋਣੀਆਂ ਹਨ ਤੇ ਇਤਿਹਾਦੀਆਂ ਨਾਲ ਸੀਟਾਂ ਦੀ ਵੰਡ ਲਈ ਸਿਆਣੇ ਆਗੂ ਦੀ ਲੋੜ ਪੈਣੀ ਹੈ।

ਸਿਪਾਹੀ ਨੂੰ ਕਾਰ ਨਾਲ ਘਸੀਸ ਕੇ ਮਾਰਿਆ

ਨਵੀਂ ਦਿੱਲੀ : ਬਾਹਰੀ ਦਿੱਲੀ 'ਚ ਇਕ ਕਾਰ ਚਾਲਕ ਮੋਟਰਸਾਈਕਲ ਸਵਾਰ ਦਿੱਲੀ ਪੁਲਸ ਦੇ ਸਿਪਾਹੀ ਨੂੰ ਸਨਿੱਚਰਵਾਰ ਦੇਰ ਰਾਤ ਕਥਿਤ ਤੌਰ 'ਤੇ ਟੱਕਰ ਮਾਰ ਕੇ ਕਰੀਬ 10 ਮੀਟਰ ਤੱਕ ਘਸੀਸਦਾ ਰਿਹਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸਿਪਾਹੀ ਨੇ ਲਾਪ੍ਰਵਾਹੀ ਨਾਲ ਵਾਹਨ ਚਲਾਉਣ ਲਈ ਕਾਰ ਚਾਲਕ ਨੂੰ ਫਟਕਾਰ ਲਾਈ ਸੀ, ਪਰ ਇਸ ਤੋਂ ਬਾਅਦ ਉਸ ਨੇ ਸਿਪਾਹੀ ਨੂੰ ਟੱਕਰ ਮਾਰ ਦਿੱਤੀ। ਇਹ ਘਟਨਾ ਸ਼ਨਿੱਚਰਵਾਰ ਦੇਰ ਰਾਤ ਕਰੀਬ 2.15 ਵਜੇ ਵੀਨਾ ਐਨਕਲੇਵ ਕੋਲ ਉਸ ਵੇਲੇ ਹੋਈ, ਜਦੋਂ ਸਿਪਾਹੀ ਸੰਦੀਪ (30) ਡਿਊਟੀ ਦੌਰਾਨ ਸਾਦੇ ਕੱਪੜਿਆਂ 'ਚ ਨਾਂਗਲੋਈ ਪੁਲਸ ਥਾਣੇ ਤੋਂ ਰੇਲਵੇ ਰੋਡ ਵੱਲ ਜਾ ਰਿਹਾ ਸੀ। ਦਿੱਲੀ ਪੁਲਸ ਨੇ ਦੱਸਿਆ ਕਿ ਇਸ ਸੰਬੰਧੀ ਭਾਰਤੀ ਨਿਆਂ ਸੰਹਿਤਾ ਦੀ ਧਾਰਾ 108 (ਹੱਤਿਆ) ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਸ਼ੁਰੂ ਕੀਤੀ ਗਈ ਹੈ। ਮਾਮਲੇ 'ਚ ਦੋ ਲੋਕ ਫਰਾਰ ਦੱਸੇ ਗਏ ਹਨ। ਦੱਸਿਆ ਜਾਂਦਾ ਹੈ ਕਿ ਇਲਾਕੇ ਵਿਚ ਚੋਰੀਆਂ ਵਧਣ ਕਾਰਨ ਸਿਪਾਹੀ ਸਾਦੇ ਕੱਪੜਿਆਂ ਵਿਚ ਡਿਊਟੀ 'ਤੇ ਸੀ।

ਉਦੋਂ ਤੱਕ ਨਹੀਂ ਮਰਦਾ...

ਜੰਮੂ : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਐਤਵਾਰ ਜਸਰੋਟਾ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਨ ਦੌਰਾਨ ਬੌਂਦਲ ਗਏ, ਪਰ ਬਾਅਦ ਵਿਚ ਸੰਭਲ ਗਏ। ਨੇੜੇ ਖੜ੍ਹੇ ਆਗੂਆਂ ਨੇ ਉਨ੍ਹਾ ਨੂੰ ਕੁਰਸੀ 'ਤੇ ਬਿਠਾਇਆ। ਕੁਝ ਦੇਰ ਬਾਅਦ ਸੁਰਤ ਆਉਣ 'ਤੇ ਉਨ੍ਹਾ ਰੈਲੀ ਨੂੰ ਦੁਬਾਰਾ ਸੰਬੋਧਨ ਕੀਤਾ। ਉਨ੍ਹਾ ਸਰੋਤਿਆਂ ਨੂੰ ਕਿਹਾ—ਮੈਂ ਠੀਕ ਹਾਂ। ਸਿਰਫ 83 ਸਾਲ ਦਾ ਹਾਂ, ਏਨੀ ਛੇਤੀ ਮਰਨ ਨਹੀਂ ਲੱਗਾ। ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਲਾਹੁਣ ਤੱਕ ਜਿਊਂਦਾ ਰਹਾਂਗਾ। ਖੜਗੇ ਦੇ ਪੁੱਤਰ ਪ੍ਰਿਅੰਕ ਖੜਗੇ, ਜਿਹੜੇ ਕਰਨਾਟਕ ਵਿਚ ਮੰਤਰੀ ਹਨ, ਨੇ ਸੋਸ਼ਲ ਮੀਡੀਆ ਪੋਸਟ 'ਚ ਕਿਹਾ ਕਿ ਪਿਤਾ ਜੀ ਦਾ ਬੀ ਪੀ ਥੋੜ੍ਹਾ ਘਟ ਗਿਆ ਸੀ। ਉਨ੍ਹਾ ਦੀ ਮੈਡੀਕਲ ਟੀਮ ਨੇ ਉਨ੍ਹਾ ਨੂੰ ਚੈੱਕ ਕਰਕੇ ਫਿੱਟ ਕਰਾਰ ਦਿੱਤਾ।

ਮਾਨ ਹਸਪਤਾਲ ਤੋਂ ਛੁੱਟੀ ਮਿਲਦਿਆਂ ਹੀ ਸਰਗਰਮ

ਚੰਡੀਗੜ੍ਹ : ਮੁਹਾਲੀ ਦੇ ਫੋਰਟਿਸ ਹਸਪਤਾਲ ਤੋਂ ਐਤਵਾਰ ਡਿਸਚਾਰਜ ਹੋਣ ਤੋਂ ਬਾਅਦ ਪਹਿਲੇ ਕੰਮ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਆਪਣੀ ਰਿਹਾਇਸ਼ 'ਤੇ ਅਫਸਰਾਂ ਨਾਲ ਮੀਟਿੰਗ ਕੀਤੀ। ਸੋਸ਼ਲ ਮੀਡੀਆ 'ਤੇ ਮਾਨ ਨੇ ਕਿਹਾ ਕਿ ਸਰਕਾਰ ਵੱਲੋਂ ਖਰੀਦ ਨੂੰ ਲੈ ਕੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਕਿਸਾਨਾਂ ਨੂੰ ਮੰਡੀਆਂ 'ਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਕਿਸਾਨਾਂ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ। ਉਨ੍ਹਾ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਵੀ ਮੰਡੀਆਂ 'ਚ ਤਿਆਰੀਆਂ ਦਾ ਜਾਇਜ਼ਾ ਲੈਣ ਦੇ ਸਖਤ ਹੁਕਮ ਜਾਰੀ ਕੀਤੇ ਹਨ।ਉਨ੍ਹਾ ਕਿਹਾ—ਕਿਸਾਨਾਂ ਦੇ ਨਾਲ-ਨਾਲ ਸ਼ੈਲਰ ਵਾਲਿਆਂ ਅਤੇ ਆੜ੍ਹਤੀਆਂ ਨੂੰ ਵੀ ਕੋਈ ਸਮੱਸਿਆ ਨਹੀਂ ਆਵੇਗੀ।

ਕਿਸਾਨਾਂ ਦੀ ਫਸਲ ਮੰਡੀਆਂ 'ਚ ਆਉਂਦੇ ਹੀ ਅਦਾਇਗੀ ਕੀਤੀ ਜਾਵੇਗੀ।

ਫਿਰ ਬਾਹਰ ਆਉਣ ਨੂੰ ਕਾਹਲਾ

ਚੰਡੀਗੜ੍ਹ : ਡੇਰਾ ਸੱਚਾ ਸੌਦਾ ਦੇ ਮੁਖੀ ਅਤੇ ਜਬਰ-ਜ਼ਨਾਹ ਦੇ ਦੋਸ਼ੀ ਗੁਰਮੀਤ ਰਾਮ ਰਹੀਮ ਨੇ 20 ਦਿਨਾਂ ਦੀ ਪੈਰੋਲ ਦੀ ਅਪੀਲ ਕੀਤੀ ਹੈ। ਇਹ ਅਪੀਲ 5 ਅਕਤੂਬਰ ਨੂੰ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਕੀਤੀ ਗਈ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਚੋਣ ਜ਼ਾਬਤਾ ਲਾਗੂ ਹੋਣ ਕਰਕੇ ਡੇਰਾ ਮੁਖੀ ਦੀ ਪੈਰੋਲ ਅਪੀਲ ਚੋਣ ਦਫਤਰ ਨੂੰ ਭੇਜ ਦਿੱਤੀ ਗਈ ਹੈ, ਜਿਸ ਨੇ ਜੇਲ੍ਹ ਵਿਭਾਗ ਨੂੰ ਅਪੀਲ ਪਿਛਲੇ ਅਜਿਹੇ 'ਅਚਨਚੇਤ ਤੇ ਜ਼ਰੂਰੀ' ਕਾਰਨ ਦੱਸਣ ਨੂੰ ਕਿਹਾ ਹੈ ਜੋ ਚੋਣਾਂ ਦੌਰਾਨ ਦੋਸ਼ੀ ਨੂੰ ਪੈਰੋਲ 'ਤੇ ਰਿਹਾਅ ਕਰਨ ਨੂੰ ਉਚਿਤ ਠਹਿਰਾਉਂਦੇ ਹੋਣ। ਡੇਰਾ ਮੁਖੀ ਨੇ ਇਜਾਜ਼ਤ ਮਿਲਣ ਦੀ ਸੂਰਤ 'ਚ ਪੈਰੋਲ ਦੇ ਸਮੇਂ ਦੌਰਾਨ ਉੱਤਰ ਪ੍ਰਦੇਸ਼ ਦੇ ਬਾਗਪਤ 'ਚ ਰਹਿਣ ਦੀ ਗੱਲ ਕਹੀ ਹੈ। ਉਸ ਨੂੰ ਲੋਕ ਸਭਾ ਚੋਣਾਂ ਵੇਲੇ ਵੀ ਜੇਲ੍ਹੋਂ ਬਾਹਰ ਆਉਣ ਦੀ ਇਜਾਜ਼ਤ ਮਿਲੀ ਸੀ।

ਐੱਮ ਐੱਸ ਕਰਦੇ ਡਾਕਟਰ ਵੱਲੋਂ ਖੁਦਕੁਸ਼ੀ

ਪ੍ਰਯਾਗਰਾਜ : ਉੱਤਰ ਪ੍ਰਦੇਸ਼ 'ਚ ਪ੍ਰਯਾਗਰਾਜ ਦੇ ਮੋਤੀਲਾਲ ਨਹਿਰੂ ਮੈਡੀਕਲ ਕਾਲਜ ਦੇ ਐੱਮ ਐੱਸ ਦੇ ਵਿਦਿਆਰਥੀ ਨੇ ਸ਼ਨਿਚਰਵਾਰ ਦੇਰ ਰਾਤ ਆਪਣੀ ਕਾਰ 'ਚ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ। ਕਾਲਜ ਨਾਲ ਸੰਬੰਧਤ ਐੱਸ ਆਰ ਐੱਨ ਹਸਪਤਾਲ ਦੇ ਡਾਕਟਰਾਂ ਨੇ ਦੇਰ ਰਾਤ ਪੁਲਸ ਨੂੰ ਸੂਚਨਾ ਦਿੱਤੀ ਕਿ ਹਸਪਤਾਲ 'ਚ ਕੰਮ ਕਰਦੇ ਡਾਕਟਰ ਕਾਰਤਿਕੇ ਸ੍ਰੀਵਾਸਤਵ (28) ਨੇ ਖੁਦਕੁਸ਼ੀ ਕਰ ਲਈ ਹੈ। ਏ ਸੀ ਪੀ ਕੋਤਵਾਲੀ ਮਨੋਜ ਕੁਮਾਰ ਸਿੰਘ ਨੇ ਦੱਸਿਆ ਕਿ ਡਾਕਟਰ ਨੇ ਆਪਣੀ ਕਾਰ 'ਚ ਹੀ ਕਥਿਤ ਤੌਰ 'ਤੇ ਕੋਈ ਟੀਕਾ ਲਗਾ ਕੇ ਖੁਦਕੁਸ਼ੀ ਕੀਤੀ। ਉਹ ਉੱਤਰਾਖੰਡ ਦੇ ਕੋਟਦੁਆਰ ਦਾ ਰਹਿਣ ਵਾਲਾ ਸੀ।

ਲੋਕਾਂ ਨੂੰ ਸਕਾਰਾਤਮਕ ਕਹਾਣੀਆਂ ਪਸੰਦ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਸਰੋਤਿਆਂ ਨੂੰ 'ਮਨ ਕੀ ਬਾਤ' ਪ੍ਰੋਗ

30-SEP-PAGE-1.qxd 9/29/2024 9:00 PM Page 2

ਕੂੰਮ ਕਲਾਂ ਪੁਲਸ ਵੱਲੋਂ ਨਸ਼ਾ ਤਸਕਰ ਦੀ 4.30 ਕਰੋੜ ਦੀ ਜਾਇਦਾਦ ਫਰੀਜ਼

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਅੱਜ ਕੂੰਮਕਲਾਂ ਪੁਲਸ ਨੇ ਪਿੰਡ ਚੌਂਤਾ ਨਾਲ ਸਬੰਧਤ ਨਸ਼ਾ ਤਸਕਰ ਜਸਵੀਰ ਸਿੰਘ ਉਰਫ਼ ਬਿੱਟੂ ਦੀ 4.30 ਕਰੋੜ ਦੀ ਜਾਇਦਾਦ ਅਟੈਚ ਕਰ ਦਿੱਤੀ ਹੈ। ਸਹਾਇਕ ਪੁਲਸ ਕਮਿਸ਼ਨਰ ਜਸਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਤੇ ਵਧੀਕ ਡਿਪਟੀ ਕਮਿਸ਼ਨਰ ਪ੍ਰਭਜੋਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੂੰਮਕਲਾਂ ਥਾਣਾ ਦੇ ਮੁਖੀ ਜਗਦੀਪ ਸਿੰਘ ਤੇ ਪੁਲਸ ਪਾਰਟੀ ਨੇ ਅੱਜ ਮੌਕੇ 'ਤੇ ਪੁੱਜ ਕੇ ਨਸ਼ਾ ਤਸਕਰ ਜਸਵੀਰ ਸਿੰਘ, ਜੋ ਕਿ ਨਸ਼ਾ ਵੇਚਣ ਦਾ ਆਦੀ ਹੈ ਤੇ ਉਸ ਉੱਪਰ ਕਈ ਮੁਕੱਦਮੇ ਦਰਜ ਹਨ, ਉਸ ਦੀ ਪ੍ਰਾਪਰਟੀ ਨੂੰ ਅਟੈਚ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਤਹਿਤ ਜਸਵੀਰ ਸਿੰਘ ਬਿੱਟੂ ਦੀ 20 ਕਨਾਲ 10 ਮਰਲੇ ਦੀ ਜ਼ਮੀਨ, ਜਿਸ ਦੀ ਕੀਮਤ 4 ਕਰੋੜ 30 ਲੱਖ 30 ਹਜ਼ਾਰ ਰੁਪਏ ਹੈ, ਉਹ ਅਟੈਚ ਕਰ ਲਈ ਹੈ। ਇਸ ਕਾਰਵਾਈ ਤਹਿਤ ਜਸਵੀਰ ਸਿੰਘ ਦੇ ਪਰਿਵਾਰ ਨੂੰ ਇਹ ਨੋਟਿਸ ਹੱਥ ਦਸਤੀ ਤਾਮੀਲ ਕਰਵਾਏ ਗਏ ਹਨ। ਇਸ ਕਾਰਵਾਈ ਤੋਂ ਬਾਅਦ ਜਸਵੀਰ ਸਿੰਘ ਇਸ ਪ੍ਰਾਪਰਟੀ ਨੂੰ ਅੱਗੇ ਨਾ ਕਿਤੇ ਵੇਚ ਸਕਦਾ ਹੈ ਅਤੇ ਨਾ ਹੀ ਕਿਸੇ ਨਾਮ ਟਰਾਂਸਫਰ ਕਰ ਸਕਦਾ ਹੈ। ਜਾਣਕਾਰੀ ਅਨੁਸਾਰ ਪਿੰਡ ਚੌਂਤਾ ਜੋ ਕਿ ਨਸ਼ਾ ਸਪਲਾਈ ਵਜੋਂ ਕਾਫ਼ੀ ਬਦਨਾਮ ਗਿਣਿਆ ਜਾਂਦਾ ਹੈ ਅਤੇ ਇਸ ਪਿੰਡ ਦੇ ਹੀ ਵਾਸੀ ਜਸਵੀਰ ਸਿੰਘ ਖਿਲਾਫ਼ ਕੂੰਮਕਲਾਂ ਥਾਣਾ ਵਿਚ ਨਸ਼ਾ ਤਸਕਰੀ ਦੇ 3 ਮਾਮਲੇ ਦਰਜ ਹਨ। ਇੰਸਪੈਕਟਰ ਜਸਦੀਪ ਸਿੰਘ ਨੇ ਦੱਸਿਆ ਕਿ 12 ਦਸੰਬਰ 2014 ਨੂੰ ਐਕਸਾਇਜ਼ ਐਕਟ ਤਹਿਤ, 2 ਮਈ 2018 ਨੂੰ ਤੇ 29 ਜੂਨ 2024 ਨੂੰ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ।

ਸਿਲਵਰ ਓਕਸ ਸਕੂਲ ਸੇਵੇਵਾਲਾ ਵਿਖੇ ਸਨਮਾਨ ਸਮਾਰੋਹ

ਕੋਟਕਪੂਰਾ (ਰਛਪਾਲ ਭੁੱਲਰ)-ਸਿਲਵਰ ਆਕਸ ਸਕੂਲ ਸੇਵੇਵਾਲਾ ਹਮੇਸ਼ਾ ਵਿਦਿਆਰਥੀਆਂ ਦੀ ਪ੍ਰਸੰਸਾ ਕਰਕੇ ਉਨ੍ਹਾਂ ਨੂੰ ਹੋਰ ਉਚਾਈਆਂ ਤੱਕ ਪਹੁੰਚਣ ਲਈ ਪ੍ਰੇਰਿਤ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਇਸ ਸਕੂਲ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਆਪਕ ਸੰਸਾਰ ਲਈ ਅਟੁੱਟ ਮਾਰਗਦਰਸ਼ਨ ਤੇ ਸਹਾਇਤਾ ਪ੍ਰਦਾਨ ਕਰਨਾ ਹੈ। ਸਿਲਵਰ ਓਕਸ ਸਕੂਲ ਸੇਵੇਵਾਲਾ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਗਮ ਵਿੱਚ ਸਕੂਲ ਦੇ ਡਾਇਰੈਕਟਰ ਸ੍ਰੀਮਤੀ ਬਰਨਿੰਦਰ ਪੌਲ ਸੋਖੋਂ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਪ੍ਰਿੰਅਕਾ ਮਹਿਤਾ ਦੀ ਅਗਵਾਈ ਵਿੱਚ ਕਰਵਾਏ ਸਮਾਗਮ ਦੀ ਸ਼ੁਰੂਆਤ ਮਹਿਮਾਨਾਂ ਦੇ ਸਵਾਗਤ, ਸਰਸਵਤੀ ਵੰਦਨਾ ਤੇ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਬਹੁਤ ਹੀ ਸੁੰਦਰ ਤੇ ਮਨ ਨੂੰ ਮੋਹ ਲੈਣ ਵਾਲਾ ਭੰਗੜਾ ਪੇਸ਼ ਕੀਤਾ ਗਿਆ। ਇਸ ਸਮਾਗਮ ਦੌਰਾਨ ਇਸ ਸੈਸ਼ਨ 2024-25 ਵਿੱਚ ਜਮਾਤ ਨਰਸਰੀ ਤੋਂ ਦਸਵੀਂ ਜਮਾਤ ਤੱਕ ਕਰਵਾਈਆਂ ਗਈਆਂ ਸੱਭਿਆਚਾਰਕ, ਰਚਨਾਤਮਕ, ਇੰਡੋਰ ਤੇ ਆਊਟਡੋਰ ਗਤੀਵਿਧੀਆਂ ਤੇ ਖੇਡ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਤੇ ਤੀਜੇ ਦਰਜੇ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਡਾਇਰੈਕਟਰ ਸ੍ਰੀਮਤੀ ਬਰਿੰਦਰ ਪਾਲ ਸੋਖੋਂ ਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਪ੍ਰਿੰਅਕਾ ਮਹਿਤਾ ਵੱਲੋਂ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਮੇਂ ਸਕੂਲ ਦੇ ਡਾਇਰੈਕਟਰ ਸ੍ਰੀਮਤੀ ਬਰਨਿੰਦਰ ਪੌਲ ਸੋਖੋਂ ਨੇ ਪ੍ਰਸੰਸਾ ਪੱਤਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਪ੍ਰਿੰਅਕਾ ਮਹਿਤਾ ਵੱਲੋਂ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

ਜ਼ਿਲ੍ਹਾ ਪੱਧਰੀ ਖੇਡਾਂ 'ਚ ਨਿਸ਼ਾਨ ਅਕੈਡਮੀ ਦੀ ਗੱਤਕਾ ਟੀਮ ਰਹੀ ਅੱਵਲ

ਮਲੋਟ (ਗੁਰਮੀਤ ਸਿੰਘ ਮੱਕੜ)-ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਰੱਖਦੇ ਹਰ ਤਰ੍ਹਾਂ ਦੀਆਂ ਖੇਡਾਂ ਵਿੱਚ ਭਾਗ ਲੈਣ ਵਾਲੀ ਸੰਸਥਾ ਨਿਸ਼ਾਨ ਅਕੈਡਮੀ, ਔਲਖ ਨੇ ਖੇਡਾਂ ਦੇ ਹਰ ਖੇਤਰ ਵਿੱਚ ਰਿਕਾਰਡ ਨੂੰ ਕਾਇਮ ਰੱਖਦੇ ਹੋਏ ਵਾਲੀਬਾਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਤੋਂ ਬਾਅਦ ਗੱਤਕੇ ਦੀਆਂ ਲੜਕੇ ਤੇ ਲੜਕੀਆਂ ਦੀਆਂ ਦੋਵਾਂ ਟੀਮਾਂ ਨੇ ਵੀ ਖੇਡਾਂ ਵਤਨ ਪੰਜਾਬ ਦੀਆਂ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਕੈਡਮੀ ਦੇ ਡਾਇਰੈਕਟਰ ਸ. ਇਕਉਂਕਾਰ ਸਿੰਘ ਨੇ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦੇ ਜ਼ਿਲ੍ਹਾ ਪੱਧਰੀ ਮੁਕਾਬਲੇ 20 ਤੇ 21 ਸਤੰਬਰ 2024 ਨੂੰ ਸ੍ਰੀ ਗੁਰੂ ਨਾਨਕ ਕਾਲਜ ਵਿਖੇ ਕਰਵਾਏ ਗਏ, ਜਿਸ ਵਿੱਚ ਜ਼ਿਲ੍ਹੇ ਦੀਆਂ ਵੱਖ-ਵੱਖ ਟੀਮਾਂ ਨੇ ਭਾਗ ਲਿਆ। ਅਕੈਡਮੀ ਦੀ ਅੰਡਰ-14 ਲੜਕੇ, ਅੰਡਰ-17 ਲੜਕੇ, ਅੰਡਰ-14 ਲੜਕੀਆਂ, ਅੰਡਰ-17 ਲੜਕੀਆਂ ਦੀਆਂ ਟੀਮਾਂ ਨੇ ਭਾਗ ਲੈਂਦੇ ਹੋਏ ਪਹਿਲਾ ਸਥਾਨ ਹਾਸਲ ਕਰਦਿਆਂ ਪੂਰੇ ਜ਼ਿਲ੍ਹੇ ਵਿੱਚੋਂ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਟੀਮਾਂ ਦੇ ਸੂਬਾ ਪੱਧਰੀ ਮੁਕਾਬਲੇ 11-12 ਅਕਤੂਬਰ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਏ ਜਾਣਗੇ। ਅਕੈਡਮੀ ਦੇ ਚੇਅਰਮੈਨ ਕਸ਼ਮੀਰ ਸਿੰਘ, ਡਾਇਰੈਕਟਰ ਇਕਉਂਕਾਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਕੌਰ ਤੇ ਵਾਈਸ ਪ੍ਰਿੰਸੀਪਲ ਮੈਡਮ ਵੀਰਪਾਲ ਕੌਰ ਨੇ ਟੀਮ ਦੇ ਕੋਚ ਤੇ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਨਾਲ ਹੀ ਅਗਲੇ ਮੁਕਾਬਲਿਆਂ ਲਈ ਹੋਰ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ।

ਨਗਰ ਕੌਂਸਲ ਨੇ ਕਰਵਾਈ ਸਫਾਈ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਜ਼ਿਲ੍ਹੇ ਵਿੱਚ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ 17 ਸਤੰਬਰ ਤੋਂ 2 ਅਕਤੂਬਰ 2024 ਤੱਕ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਤਹਿਤ ਨਗਰ ਕੌਂਸਲ ਫਰੀਦਕੋਟ ਵੱਲੋਂ ਸਪੈਸ਼ਲ ਸਫਾਈ ਮੁਹਿੰਮ ਚਲਾ ਕੇ ਸ਼ਹਿਰ ਦੇ ਚੌਕਾਂ ਤੇ ਸੜਕਾਂ ਦੀ ਸਫਾਈ ਕੀਤੀ ਗਈ।ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਪ੍ਰਧਾਨ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਵੱਲੋਂ ਸ਼ਹਿਰ ਵਿੱਚ ਬਣੇ ਸਾਰੇ ਜਨਤਕ ਪਖਾਨਿਆਂ ਦੀ ਸਫਾਈ ਕਰਵਾਈ ਗਈ ਤੇ ਲੋਕਾਂ ਨੂੰ ਪਖਾਨਿਆਂ ਨੂੰ ਸਹੀ ਤਰੀਕੇ ਨਾਲ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।ਉਨ੍ਹਾ ਕਿਹਾ ਕਿ ਇਸ ਤੋਂ ਇਲਾਵਾ ਸਵੱਛ ਭਾਰਤ ਦੀ ਟੀਮ ਵੱਲੋਂ ਘਰ ਘਰ ਜਾ ਕੇ ਲੋਕਾਂ ਨੂੰ ਸਰਕਾਰ ਵੱਲੋਂ ਚਲਾਈ ਜਾ ਰਹੀ ਸਵੱਛਤਾ ਹੀ ਸੇਵਾ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ ਲਈ ਜਾਗਰੂਕ ਕੀਤਾ ਗਿਆ।ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਬਣੇ ਜਨਤਕ ਪਖਾਨੇ, ਜੋ ਨਗਰ ਕੌਂਸਲ ਅਧੀਨ ਆਉਂਦੇ ਹਨ ਤੇ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਵੱਲੋਂ ਉਨ੍ਹਾਂ ਦੀ ਰੋਜ਼ਾਨਾ ਹੀ ਸਾਫ ਸਫਾਈ ਕੀਤੀ ਜਾਂਦੀ ਹੈ।

ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਪਾਰਕ ਦੀ ਬਿਊਟੀਫਿਕੇਸ਼ਨ

ਮ੖ੂ (ਰਛਪਾਲ ਸਿੰਘ ਸੰਧੂ)-ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਜਨਮ ਦਿਵਸ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਚਲਾਈ ਹੋਈ ਵਿਸ਼ੇਸ਼ ਰਾਜ ਪੱਧਰੀ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਨਗਰ ਪੰਚਾਇਤ ਮ੖ੂ ਦੇ ਕਾਰਜ ਸਾਧਕ ਅਫਸਰ ਸ਼ਰਨਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਪੰਚਾਇਤ ਮ੖ੂ ਵੱਲੋਂ ਸਵੱਛਤਾ ਹੀ ਸੇਵਾ ਮਹਿੰਮ ਤਹਿਤ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਦੀ ਅਗਵਾਈ ਹੇਠ ਮਿਊਂਸਪਲ ਪਾਰਕ ਵਿੱਚ ਵੇਸਟ ਸਾਮਾਨ ਦੀ ਵਰਤੋਂ ਕਰਦੇ ਹੋਏ ਪਾਰਕ ਦੀ ਬਿਊਟੀਫਿਕੇਸ਼ਨ ਕੀਤੀ ਗਈ।ਇਸ ਮੌਕੇ ਨਰਿੰਦਰ ਕਟਾਰੀਆ ਵੱਲੋਂ ਸ਼ਹਿਰ ਵਾਸੀਆਂ ਦਾ ਸਵੱਛਤਾ ਹੀ ਸੇਵਾ ਮਹਿਮ ਵਿੱਚ ਆਪਣਾ ਯੋਗਦਾਨ ਪਾਉਣ ਲਈ ਸ਼ੁਕਰਾਨਾ ਕੀਤਾ ਤੇ ਇਸੇ ਤਰ੍ਹਾਂ ਹੀ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਨਗਰ ਪੰਚਾਇਤ ਮ੖ੂ ਦਾ ਸਹਿਯੋਗ ਪਾਉਣ ਦੀ ਅਪੀਲ ਕੀਤੀ ਗਈ।ਇਸ ਸਵੱਛਤਾ ਮੁਹਿੰਮ ਵਿੱਚ ਸੀਨੀਅਰ ਸਿਟੀਜਨ, ਲਕਸ਼ੇ ਯੂਥ ਕਲੱਬ ਦੇ ਪ੍ਰਧਾਨ ਤੇ ਸਵੱਛਤਾ ਟੀਮ ਨੇ ਆਪਣਾ ਯੋਗਦਾਨ ਪਾਇਆ।ਇਸ ਮੌਕੇ ਸੈਨਟਰੀ ਕਲਰਕ ਰਾਜ ਕਮਲ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਅਰਵਿੰਦਰ ਸਿੰਘ, ਹਰਪ੍ਰੀਤ ਸਿੰਘ, ਕੰਵਰ ਕੁਲਦੀਪ ਸਿੰਘ, ਸੁਧੀਰ ਕੁਮਾਰ, ਰੋਹਿਤ ਕੁਮਾਰ, ਅਮਰੀਕ ਮਸੀਹ, ਰਾਜੂ ਮੇਟ ਆਦਿ ਹਾਜ਼ਰ ਸਨ।

ਗੁਰੂ ਨਾਨਕ ਕਾਲਜ ਵਿਖੇ ਪੁਸਤਕ ਪ੍ਰਦਰਸ਼ਨੀ ਲਗਾਈ

ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਲਾਇਬ੍ਰੇਰੀ ਵੱਲੋਂ ਇੱਕ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਕਾਲਜ ਦੀ ਲਾਇਬ੍ਰੇਰੀ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਪੁਸਤਕ ਪ੍ਰਦਰਸ਼ਨੀ ਲਗਾਈ ਗਈ।ਇਸ ਪ੍ਰਦਰਸ਼ਨੀ ਰਾਹੀਂ ਜਿੱਥੇ ਵਿਦਿਆਰਥੀਆਂ ਨੂੰ ਕਿਤਾਬਾਂ ਦੇ ਮਹੱਤਵ ਬਾਰੇ ਦੱਸਿਆ ਗਿਆ, ਉੱਥੇ ਭਗਤ ਸਿੰਘ ਦੇ ਜੀਵਨ ਬਾਰੇ ਵਿਚਾਰ ਗੋਸ਼ਟੀ ਦਾ ਆਯੋਜਨ ਵੀ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨਾਲ਼ ਆਪਣੇ ਵਿਚਾਰ ਸਾਂਝੇ ਕਰਦਿਆਂ ਸਹਾਇਕ ਲਾਇਬ੍ਰੇਰੀਅਨ ਸ੍ਰ. ਕੁਲਵੰਤ ਸਿੰਘ ਗਿੱਲ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ, ਵਿਚਾਰਧਾਰਾ ਤੇ ਦੇਸ਼ ਦੀ ਆਜ਼ਾਦੀ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਚਰਚਾ ਕੀਤੀ।ਇਸ ਮੌਕੇ ਪ੍ਰੋ. ਅਮਨਦੀਪ ਕੌਰ, ਪ੍ਰੋ. ਕਰਨਜੀਤ ਕੌਰ ਤੇ ਸ੍ਰੀਮਤੀ ਨਿਸ਼ਾ ਦੇਵੀ ਹਾਜ਼ਰ ਸਨ।ਇਸ ਪ੍ਰਦਰਸ਼ਨੀ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

ਕਿਸਾਨਾਂ ਵੱਲੋਂ ਅਰਥੀ ਫੂਕ ਮੁਜ਼ਾਹਰਾ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)

ਆਲ ਇੰਡੀਆ ਕਿਸਾਨ ਮੋਰਚੇ ਦੇ ਸੱਦੇ ਉਪਰ ਅੱਜ ਮਹਿਲ ਕਲਾਂ ਵਿਖੇ ਲੁਧਿਆਣਾ-ਬਰਨਾਲਾ ਮੁੱਖ ਮਾਰਗ ਤੇ ਭਾਕਿਯੂ ਡਕੌਂਦਾ ਬੁਰਜ ਗਿੱਲ ਵੱਲੋਂ ਕਾਰਪੋਰੇਟ ਘਰਾਣਿਆਂ ਦੀ ਅਰਥੀ ਫੂਕ ਰੋਸ ਮੁਜ਼ਾਹਰਾ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਖਜ਼ਾਨਚੀ ਮਲਕੀਤ ਸਿੰਘ ਈਨਾ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਖਿਲਾਫ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਆਲ ਇੰਡੀਆ ਭਰ ਵਿੱਚ ਅਰਥੀ ਫੂਕ ਮੁਜ਼ਾਹਰੇ ਕਰਨ ਦਾ ਸੱਦਾ ਦਿੱਤਾ ਸੀ।ਉਸ ਦੇ ਮੱਦੇਨਜ਼ਰ ਮੁੱਖ ਮਾਰਗ ਉੱਪਰ ਮਹਿਲ ਕਲਾਂ ਵਿਖੇ ਕਾਰਪੋਰੇਟ ਘਰਾਣਿਆਂ ਦੀ ਅਰਥੀ ਫੂਕੀ ਗਈ।ਇਸ ਮੌਕੇ ਆਗੂਆਂ ਨੇ ਕਿਹਾ ਕਿ ਝੋਨੇ ਦਾ ਸੀਜ਼ਨ ਸ਼ੁਰੂ ਹੋ ਗਿਆ, ਪਰ ਸਰਕਾਰ ਵੱਲੋਂ ਅਜੇ ਤੱਕ ਗੁਦਾਮਾਂ ਨੂੰ ਖਾਲੀ ਨਹੀਂ ਕਰਵਾਇਆ ਗਿਆ ਤੇ ਨਾ ਹੀ ਝੋਨੇ ਦੀ ਫਸਲ ਚੁੱਕਣ ਦਾ ਕੋਈ ਪ੍ਰਬੰਧ ਕੀਤਾ ਗਿਆ।

ਉਨ੍ਹਾਂ ਮੰਗ ਕੀਤੀ ਕਿ ਛੇਤੀ ਤੋਂ ਛੇਤੀ ਇਸ ਮੁਸ਼ਕਲ ਦਾ ਹੱਲ ਕਰਕੇ ਕਿਸਾਨਾਂ ਦੇ ਝੋਨੇ ਦਾ ਦਾਣਾ ਦਾਣਾ ਮੰਡੀਆਂ ਵਿੱਚੋਂ ਚੁੱਕਣ ਦਾ ਪ੍ਰਬੰਧ ਕੀਤਾ ਜਾਵੇ।ਇਸ ਮੌਕੇ ਅਮਰਜੀਤ ਸਿੰਘ ਮਹਿਲ ਖੁਰਦ, ਜੱਗਾ ਸਿੰਘ ਛਾਪਾ, ਜਗਤਾਰ ਸਿੰਘ ਪ੍ਰੈੱਸ ਸਕੱਤਰ, ਇਕਾਈ ਪ੍ਰਧਾਨ ਰਣਜੀਤ ਸਿੰਘ ਗੰਗੋਹਰ, ਬੇਅੰਤ ਸਿੰਘ ਸਹਿਜੜਾ, ਬਲਵੀਰ ਸਿੰਘ ਮਹਿਲ ਕਲਾਂ, ਯੋਧਾ ਸਿੰਘ, ਆਤਮਾ ਸਿੰਘ ਨੰਬਰਦਾਰ, ਜਗਰਾਜ ਸਿੰਘ ਮਹਿਲ ਖੁਰਦ, ਜੱਗਾ ਸਿੰਘ ਮੂੰਮ, ਪ੍ਰਦੀਪ ਸਿੰਘ ਮਹਿਲ ਕਲਾਂ ਆਦਿ ਹਾਜ਼ਰ ਸਨ।

ਦੇਸ਼ ਭਗਤ ਗਲੋਬਲ ਸਕੂਲ ਨੇ ਖੇਡਾਂ 'ਚ ਮਾਰੀਆਂ ਮੱਲਾਂ

ਖੇਡਾਂ ਨਾਲ ਸਰੀਰਕ ਤੇ ਮਾਨਸਿਕ ਸ਼ਕਤੀ ਦਾ ਵਿਕਾਸ ਹੁੰਦਾ : ਪ੍ਰਿੰ. ਜਿੰਦਲ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾਕਟਰ ਜੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਦੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਨੇ ਡੀ ਪੀ ਅਧਿਆਪਕ ਅਮਨਦੀਪ ਸਿੰਘ ਦੀ ਯੋਗ ਰਹਿਨੁਮਾਈ ਹੇਠ ਪਹਿਲੀ ਵਾਰ ਸੈਂਟਰ ਦੀਆਂ ਖੇਡਾਂ ਵਿੱਚ ਭਾਗ ਲਿਆ ਤੇ ਜਿੱਤ ਆਪਣੇ ਨਾਮ ਕੀਤੀ।ਫੁੱਟਬਾਲ, ਰੱਸਾਕੱਸੀ

30-SEP-PAGE-3.qxd 9/29/2024 9:31 PM Page 1

ਅੱਜ ਸ਼ੰਭੂ ਮੋਰਚੇ 'ਚ ਬੀਬੀਆਂ ਵੱਡੇ ਪੱਧਰ 'ਤੇ ਕਰਨਗੀਆਂ ਸ਼ਮੂਲੀਅਤ : ਕਿਸਾਨ ਆਗੂ

ਝਬਾਲ (ਹਰਜਿੰਦਰ ਸਿੰਘ ਸੋਨੀ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਜੌਹਲ ਇਕਾਈ ਵੱਲੋਂ 15 ਦਿਨ ਵਾਲੀ ਮੀਟਿੰਗ ਹੋਈ,ਜਿਸ ਦੀ ਅਗਵਾਈ ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਆਗੂ ਜਸਮੇਰ ਸਿੰਘ ਜੌਹਲ ਨੇ ਕੀਤੀ। ਕਿਸਾਨ ਆਗੂਆਂ ਕਿਹਾ ਕਿ ਸ਼ੰਭੂ ਮੋਰਚੇ ਦੀ ਸਫਲਤਾ ਲਈ ਜ਼ਿਲ੍ਹਾ ਤਰਨ ਤਾਰਨ ਵੱਲੋਂ ਵੱਡੀ ਗਿਣਤੀ ਵਿਚ ਕਿਸਾਨ, ਮਜ਼ਦੂਰ ਤੇ ਬੀਬੀਆਂ ਸ਼ਮੂਲੀਅਤ ਕਰਨਗੀਆਂ। ਇਸ ਸੰਬੰਧੀ ਜ਼ੋਨ ਆਗੂਆਂ ਨੇ ਵਿਉਂਤਬੰਦੀ ਕਰਕੇ ਜਾਣ ਦੀਆਂ ਤਿਆਰੀਆਂ ਕਰਵਾਈਆਂ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੇ ਇਸ਼ਾਰੇ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪ੍ਰਦੂਸ਼ਣ ਦੇ ਨਾਮ 'ਤੇ ਝੋਨੇ ਦੀ ਫਸਲ ਦੇ ਨਾੜ ਨੂੰ ਕਿਸਾਨਾਂ ਵੱਲੋਂ ਮਜਬੂਰੀ ਵੱਸ ਅੱਗ ਲਗਾਉਣ ਤੇ ਕਿਸਾਨਾਂ ਨੂੰ ਰੈੱਡ ਐਂਟਰੀਆਂ ਕਾਰਨ ਭਾਰੀ ਜੁਰਮਾਨਾ ਕਰਨ ਦੇ ਨਾਦਰਸ਼ਾਹੀ ਫੁਰਮਾਨ ਦੀ ਜੱਥੇਬੰਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ।ਕਿਸਾਨਾਂ ਦੀਆਂ ਰੈੱਡ ਐਂਟਰੀਆਂ ਕਿਸੇ ਵੀ ਕੀਮਤ ਵਿੱਚ ਨਹੀਂ ਹੋਣ ਦਿੱਤੀਆਂ ਜਾਣਗੀਆਂ। ਕਿਸਾਨ ਆਗੂਆਂ ਕਿਹਾ ਕਿ ਸਰਕਾਰੀ ਰਿਪੋਰਟਾਂ ਅਨੁਸਾਰ ਦੇਸ਼ ਵਿੱਚ ਕਿਸਾਨੀ ਤੋਂ ਕੇਵਲ 1 ਪ੍ਰਤੀਸ਼ਤ ਹੀ ਪਲਿਊਸ਼ਨ ਹੋ ਰਿਹਾ ਹੈ, ਕਿਸਾਨ ਕਰਜ਼ੇ ਦੀ ਮਾਰ ਹੇਠ ਦੱਬਿਆ ਹੋਇਆ ਹੈ, ਸਾਰੇ ਦੇਸ਼ ਦਾ ਢਿੱਡ ਭਰਦਾ ਹੈ। ਕੇਵਲ ਕਿਸਾਨਾਂ ਦੀਆਂ ਹੀ ਰੈੱਡ ਐਂਟਰੀਆਂ ਦੇ ਹੁਕਮ ਸਰਕਾਰ ਵੱਲੋਂ ਜਾਰੀ ਕੀਤੇ ਗਏ ਹਨ।ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਅੱਗ ਲਾਉਣ ਦੇ ਹੱਕ ਵਿੱਚ ਨਹੀਂ ਹਾਂ, ਅਸੀਂ ਖੁਦ ਵਾਤਾਵਰਨ ਪ੍ਰੇਮੀ ਹਾਂ, ਪਰ ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਖੁਦਕੁਸ਼ੀਆਂ ਕਰ ਰਿਹਾ ਹੈ। ਸਰਕਾਰ ਪਰਾਲੀ ਨੂੰ ਟਿਕਾਣੇ ਲਗਾਉਣ ਲਈ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦੇਵੇ ਤੇ ਕਿਸਾਨ ਕਦੇ ਵੀ ਪਰਾਲੀ ਨੂੰ ਅੱਗ ਨਹੀਂ ਲਾਵੇਗਾ।ਇਸ ਮੌਕੇ ਪ੍ਰਧਾਨ ਗੁਰਮੀਤ ਸਿੰਘ ਜੌਹਲ, ਮਨਜੀਤ ਸਿੰਘ ਜੌਹਲ, ਬਲਜੀਤ ਸਿੰਘ ਜੌਹਲ, ਸਤਨਾਮ ਸਿੰਘ ਜੌਹਲ, ਲਾਡੀ ਜੌਹਲ, ਜਸਪਾਲ ਕੌਰ ਜੌਹਲ, ਅਮਰਜੀਤ ਕੌਰ ਜੌਹਲ, ਸੁਰਜੀਤ ਕੌਰ ਜੌਹਲ, ਕੰਸ ਕੌਰ ਜੌਹਲ, ਕਸ਼ਮੀਰ ਕੌਰ ਜੌਹਲ, ਸਵਰਨਜੀਤ ਕੌਰ ਜੌਹਲ, ਹਰਜਿੰਦਰ ਕੌਰ ਜੌਹਲ, ਬਲਵਿੰਦਰ ਕੌਰ ਜੌਹਲ, ਜਸਬੀਰ ਕੌਰ ਜੌਹਲ, ਮਲਕੀਤ ਕੌਰ ਜੌਹਲ, ਰਜਵੰਤ ਕੌਰ ਜੌਹਲ, ਜਗੀਰ ਕੌਰ ਜੌਹਲ, ਬਾਬਾ ਬਚਨ ਸਿੰਘ ਜੌਹਲ, ਸੁਖਵਿੰਦਰ ਸਿੰਘ ਜੌਹਲ, ਮਨਜੀਤ ਸਿੰਘ ਜੌਹਲ, ਗੁਰਵਿੰਦਰ ਸਿੰਘ ਜੌਹਲ ਆਦਿ ਆਗੂ ਹਾਜ਼ਰ ਸਨ।

ਸੋਸ਼ਲ ਵੈੱਲਫੇਅਰ ਚੈਰੀਟੇਬਲ ਸੁਸਾਇਟੀ ਨੇ ਮੁਸਕਾਨ ਨੂੰ ਕੀਤਾ ਸਨਮਾਨਤ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸੋਸ਼ਲ ਵੈਲਫੇਅਰ ਚੈਰੀਟੇਬਲ ਸੁਸਾਇਟੀ (ਰਜਿ.) ਹੁਸ਼ਿਆਰਪੁਰ ਵੱਲੋਂ ਇੱਕ ਸਨਮਾਨ ਸਮਾਰੋਹ ਦਾ ਅਯੋਜਨ ਕੀਤਾ ਗਿਆ। ਇਸ ਸਮਾਰੋਹ ਵਿੱਚ ਹਾਲ ਹੀ ਵਿੱਚ ਡੀ.ਡੀ. ਪੰਜਾਬੀ 'ਤੇ ਦਿਖਾਏ ਗਏ ਸ਼ੋਅ ਕਿਸਮੇ ਕਿਤਨਾ ਹੈ ਦਮ ਦੇ ਗ੍ਰੈਂਡ ਫਿਨਾਲੇ ਚ ਹੁਸ਼ਿਆਰਪੁਰ ਦੀ ਹੋਣਹਾਰ ਲੜਕੀ ਮੁਸਕਾਨ ਵੱਲੋਂ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਤਿੰਨ ਸੂਬਿਆਂ ਤੋਂ ਆਏ ਹੋਏ ਮੁਕਾਬਲੇਬਾਜ਼ਾਂ ਨੂੰ ਹਰਾ ਕੇ ਦੂਜਾ ਸਥਾਨ ਹਾਸਲ ਕਰਨ 'ਤੇ ਸਨਮਾਨਤ ਕੀਤਾ ਗਿਆ। ਇਸ ਸਮਾਰੋਹ ਵਿਚ ਸੋਸ਼ਲ ਵੈਲਫੇਅਰ ਚੈਰੀਟੇਬਲ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਮਨਜੀਤ ਸਿੰਘ ਲੱਕੀ ਨੇ ਆਪਣੀ ਪੂਰੀ ਟੀਮ ਸਮੇਤ ਮੁਸਕਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਮਨਜੀਤ ਸਿੰਘ ਨੇ ਕਿਹਾ ਕਿ ਮੁਸਕਾਨ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਪੂਰੇ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਕਾਮਨਾ ਕੀਤੀ ਕਿ ਉਹ ਭਵਿੱਖ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਕਰੇ। ਇਸ ਮੌਕੇ ਮੁਸਕਾਨ ਦੀ ਮਾਂ ਰਿਤਿਕਾ, ਭੈਣ ਅੰਜਲੀ, ਸੁਸਾਇਟੀ ਦੇ ਜਨਰਲ ਸਕੱਤਰ ਡਾ. ਰਾਧਾ ਰਮਨ, ਸਕੱਤਰ ਗੋਪਾਲ ਠਾਕੁਰ, ਅਮਨਦੀਪ ਸਿੰਘ, ਮਨਜੀਤ ਸਿੰਘ ਗੋਲਡੀ ਆਦਿ ਹਾਜ਼ਰ ਸਨ।

ਕਾਰਪੋਰੇਟ ਵਿਰੋਧੀ ਦਿਵਸ ਵਜੋਂ ਮਨਾਇਆ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਭਰ ਦੇ ਸੱਦੇ 'ਤੇ ਅਜਨਾਲਾ ਵਿਖੇ ਵਰ ਦੇ ਮੀਂਹ ਵਿੱਚ ਮਨਾਇਆ ਕਾਰਪੋਰੇਟ ਵਿਰੋਧੀ ਦਿਵਸ ਵਜੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ। ਇਨਕਲਾਬੀ ਇਸ ਮੌਕੇ ਐੱਸਕੇਐੱਮ 'ਚ ਸ਼ਾਮਿਲ ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਸੈਂਕੜੇ ਕਾਰਕੁਨਾਂ ਤੇ ਹਮਦਰਦਾਂ ਨੇ ਹਿੱਸਾ ਲਿਆ। ਇਸ ਜੁੜੇ ਇਕੱਠ ਦੀ ਪ੍ਰਧਾਨਗੀ ਸੁੱਚਾ ਸਿੰਘ ਤੇੜਾ, ਅਜੀਤ ਕੌਰ ਕੋਟਰਜਾਦਾ, ਬਲਬੀਰ ਸਿੰਘ ਕੱਕੜ, ਸੁੱਚਾ ਸਿੰਘ ਘੋਗਾ ਤੇ ਰਜਿੰਦਰ ਸਿੰਘ ਭਲਾ ਪਿੰਡ ਨੇ ਕੀਤੀ ਜਿਸ ਵਿੱਚ ਬੋਲਦਿਆਂ ਐੱਸਕੇਐੱਮ ਦੇ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਤੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੀਨੀਅਰ ਆਗੂ ਸੁੱਚਾ ਸਿੰਘ ਤੇੜਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਜਨਮ ਉਸ ਵੇਲੇ ਹੋਇਆ ਜਦੋਂ ਅੰਗਰੇਜ਼ਾਂ ਨੇ ਮੋਦੀ ਸਰਕਾਰ ਵਰਗੇ ਬਾਰ (ਪਾਕਿਸਤਾਨ) ਦੇ ਲੋਕਾਂ ਦੀਆਂ ਜ਼ਮੀਨਾਂ ਹਥਿਆਉਣਾ ਜਿਹੜੇ ਤਿੰਨ ਕਾਲੇ ਕਾਨੂੰਨ ਬਣਾਏ ਸਨ ਉਨ੍ਹਾਂ ਵਿਰੁੱਧ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਵੱਲੋਂ ਲੜੀ ਗਈ ਵਿਆਪਕ 'ਪੱਗੜੀ ਸੰਭਾਲ ਜੱਟਾ ਲਹਿਰ' ਨੇ ਜਦੋਂ ਜ਼ੋਰ ਫ਼ੜਿਆ ਤਾਂ ਅੰਗਰੇਜ਼ਾਂ ਨੇ ਕਨੂੰਨ ਤਾਂ ਰੱਦ ਕਰ ਦਿੱਤੇ ਪਰ ਚਾਚਾ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੂੰ ਜਲਾ ਵਤਨ ਕਰ ਦਿੱਤਾ। ਇਹਦੇ ਵਿਰੁੱਧ ਦੇਸ਼ ਵਾਸੀਆਂ ਵਿੱਚ ਆਜ਼ਾਦੀ ਦੀ ਜੰਗ ਦਾ ਰੋਹ ਹੋਰ ਭੜਕਿਆ! ਇਨ੍ਹਾਂ ਆਗੂਆਂ ਨੇ ਦੱਸਿਆ ਕਿ ਅੱਜ ਸਾਨੂੰ ਸ਼ਹੀਦ ਭਗਤ ਦੇ ਵਿਚਾਰਾਂ ਤੇ ਚੱਲਦਿਆ ਸਾਡੇ ਦੇਸ਼ ਤੇ ਅਰਥਚਾਰੇ ਤੇ ਕਾਬਜ਼ ਅੰਬਾਨੀ-ਅਡਾਨੀ ਸਮੇਤ 361 ਘਰਾਣਿਆਂ ਤੋਂ ਦੇਸ਼ ਨੂੰ ਮੁਕਤ ਕਰਵਾਉਣ ਲਈ ਕਿਸਾਨਾਂ, ਖੇਤ ਕਾਮਿਆਂ, ਕਾਰਖਾਨਿਆਂ ਦੇ ਮਜਦੂਰਾਂ, ਦੁਕਾਨਦਾਰਾ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਨਾਲ ਲੈ ਕੇ ਸੰਘਰਸਾਂ ਦੇ ਮੈਦਾਨ ਵਿੱਚ ਕੁੱਦਣਾ ਸਮੇਂ ਦੀ ਡਾਢੀ ਲੋੜ ਹੈ! ਕਿਸਾਨ ਮੋਰਚੇ ਦੇ ਆਗੂਆਂ ਨੇ ਪੁਰਜ਼ੋਰ ਅਪੀਲ ਕੀਤੀ ਕਿ ਜੋ ਭਗਤ ਸਿੰਘ ਨੇ ਜੇਲ ਵਿੱਚੋਂ ਉਸ ਵੇਲੇ ਦੇ ਗਵਰਨਰ ਨੂੰ ਲਿਖਿਆ ਸੀ ਕਿ ਸਾਡਾ ਯੁੱਧ ਜੋ ਇਸ ਵਕਤ ਚੱਲ ਰਿਹਾ ਹੈ ਇਹ ਉਦੋਂ ਤੱਕ ਚਲਦਾ ਰਹੇਗਾ,ਜਦ ਤੱਕ ਭਾਰਤ ਦੇ ਲੋਕਾਂ ਦੀ ਲੁੱਟ ਖਸੁੱਟ ਖਤਮ ਨਹੀਂ ਹੁੰਦੀ। ਸੋ ਅੱਜ ਅਸੀਂ ਇਨ੍ਹਾਂ ਵਿਚਾਰਾਂ ਤੇ ਪਹਿਰਾ ਦਿੰਦੇ ਹੋਏ ਭਾਰਤ ਨੂੰ ਕਾਰਪੋਰੇਟਾਂ ਤੋਂ ਆਜ਼ਾਦ ਕਰਵਾਉਣ ਲਈ ਦਿੱਲੀ ਵਰਗੇ ਮੋਰਚੇ ਲਾਈਏ! ਇਸ ਸਮੇਂ ਹੋਰਨਾਂ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵਿਜੇ ਸ਼ਾਹ ਧਾਰੀਵਾਲ ਆਗੂ ਕਿਰਤੀ ਕਿਸਾਨ ਯੂਨੀਅਨ ਪੰਜਾਬ, ਸੀਤਲ ਸਿੰਘ ਤਲਵੰਡੀ ਪ੍ਰਧਾਨ ਜਮੂਹਰੀ ਕਿਸਾਨ ਸਭਾ ਅਜਨਾਲਾ ਤੇ ਜ਼ਿਲ੍ਹਾ ਦੇ ਕਿਸਾਨ ਸਭਾ ਆਗੂ ਬਲਕਾਰ ਸਿੰਘ ਗੁੱਲਰਗੜ ਤੇ ਕਿਸਾਨ ਆਗੂ ਦੇਸਾ ਸਿੰਘ ਭਿੰਡੀ ਔਲੇਖ ; ਔਰਤ ਮੁਕਤੀ ਮੋਰਚਾ ਦੀ ਪ੍ਰਧਾਨ ਅਜੀਤ ਕੌਰ ਕੋਟਰਜਾਦਾ ਤੇ ਸਰਬਜੀਤ ਕੌਰ ਜਸਰਾਊਰ ; ਸ਼ਹੀਦ ਭਗਤ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ, ਨੌਜਵਾਨ ਸਤਵਿੰਦਰ ਸਿੰਘ ਓਠੀਆਂ ਤੇ ਮੀਤ ਪ੍ਰਧਾਨ ਗਾਇਕ ਗੁਰਪਾਲ ਗਿੱਲ ਸੈਦਪੁਰ ਤੇ ਸੁਰਜੀਤ ਸਿੰਘ ਦੁਧਰਾਏ ਪ੍ਰਧਾਨ ਦਿਹਾਤੀ ਮਜ਼ਦੂਰ ਸਭਾ, ਸਭਾ ਆਗੂ ਸੁਖਦੇਵ ਸਿੰਘ ਅਤੇ ਆੜ ਤੀ ਐਸੋਸੀਏਸ਼ਨ ਦੇ ਆਗੂ ਰੋਸ਼ਮ ਸਿੰਘ ਨੇ ਵੀ ਸ਼ਹੀਦ ਭਗਤ ਸਿੰਘ ਦੇ ਆਜ਼ਾਦੀ ਸੰਗ੍ਰਾਮ ਵਿੱਚ ਪਾਏ ਵੱਡੇਮੁੱਲੇ ਯੋਗਦਾਨ ਬਾਰੇ ਚਾਨਣਾ ਪਾਇਆ! ਇਨਾਂ ਤੋਂ ਇਲਾਵਾ ਸੁਰਜੀਤ ਸਿੰਘ ਭੂਰੇਗਿੱਲ, ਸੰਗ ਬਹਾਦਰ ਸਿੰਘ ਮਟੀਆਂ, ਬਲਕਾਰ ਸਿੰਘ ਜੋਸ਼, ਸਮਾਜ ਸੇਵੀ ਦਲਜੀਤ ਕੌਰ, ਮੋਹਨ ਭੰਡਾਰੀਆਂ, ਬਿਕਰਮਜੀਤ ਸਿੰਘ ਕੁਹਾਲੀ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

ਕਰਾਂਪਟਨ ਵੱਲੋਂ ਨਵਾਂ ਐਮੀਓ ਪ੍ਰੋ-ਮਿਕਸਰ ਗ੍ਰਾਈਂਡਰ ਲਾਂਚ

ਜਲੰਧਰ: ਕਰਾਂਪਟਨ ਗ੍ਰੀਵਜ਼ ਕੰਜ਼ਿਊਮਰ ਇਲੈਕਟ੍ਰੀਕਲਸ ਲਿਮਟਿਡ, ਖਪਤਕਾਰ ਟਿਕਾਊ ਉਦਯੋਗ ਵਿੱਚ ਭਾਰਤ ਦੀ ਮੋਹਰੀ ਨੇ ਐਮੀਓ ਪ੍ਰੋ-ਮਿਕਸਰ ਗ੍ਰਾਈਂਡਰ ਦੀ ਸ਼ੁਰੂਆਤ ਦੇ ਨਾਲ ਆਪਣੇ ਰਸੋਈ ਉਪਕਰਣ ਪੋਰਟਫੋਲੀਓ ਦਾ ਵਿਸਤਾਰ ਕੀਤਾ ਹੈ।ਇਹ ਲਾਂਚ ਵਧੀਆ ਸਵਾਦ ਦੇ ਰਾਜ਼ ਪ੍ਰਤੀ ਕੰਪਨੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਐਮੀਓ ਪ੍ਰੋ-ਮਿਕਸਰ ਗ੍ਰਾਈਂਡਰ ਨੂੰ ਕੁਸ਼ਲਤਾ ਅਤੇ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਜ਼ਾਈਨ ਕੀਤਾ ਗਿਆ ਹੈ ਅਤੇ ਇਹ ਹਰ ਰਸੋਈ ਲਈ ਇੱਕ ਭਰੋਸੇਯੋਗ ਉਪਕਰਨ ਹੈ।ਇਹ ਰੋਜ਼ਾਨਾ ਖਾਣਾ ਪਕਾਉਣ ਦੌਰਾਨ ਲੋੜੀਂਦੀਆਂ ਵਧੀਆ ਪੀਸਣ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ।ਇਹ ਤੁਹਾਡਾ ਸਮਾਂ ਅਤੇ ਮਿਹਨਤ ਦੋਵਾਂ ਦੀ ਬੱਚਤ ਕਰਦਾ ਹੈ।ਹੁਣ ਰੁਝੇਵਿਆਂ ਅਤੇ ਕੰਮ ਦੇ ਬੋਝ ਵਾਲੀ ਜੀਵਨ ਸ਼ੈਲੀ ਆਮ ਹੁੰਦੀ ਜਾ ਰਹੀ ਹੈ। ਅਜਿਹੇ 'ਚ ਉਨ੍ਹਾਂ ਉਤਪਾਦਾਂ ਦੀ ਮੰਗ ਵਧ ਰਹੀ ਹੈ, ਜੋ ਕੰਮ ਨੂੰ ਆਸਾਨ ਬਣਾਉਂਦੇ ਹਨ ਅਤੇ ਸਮੇਂ ਦੀ ਵੀ ਬੱਚਤ ਕਰਦੇ ਹਨ।ਚਾਹੇ ਤੁਸੀਂ ਸੁਆਦੀ ਮਸਾਲਾ ਬਣਾ ਰਹੇ ਹੋ ਜਾਂ ਮਹਿਮਾਨਾਂ ਲਈ ਜਲਦੀ ਖਾਣਾ ਤਿਆਰ ਕਰਨਾ ਚਾਹੁੰਦੇ ਹੋ, ਤੁਸੀਂ ਆਪਣੇ ਖਾਣਾ ਪਕਾਉਣ ਦੇ ਅਨੁਭਵ ਨੂੰ ਉਚਾ ਕਰ ਸਕਦੇ ਹੋ।ਇਸ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦੇ ਕਾਰਨ ਤੁਸੀਂ ਆਸਾਨੀ ਨਾਲ ਸੁਆਦੀ ਭੋਜਨ ਬਣਾ ਸਕਦੇ ਹੋ।

ਡੀ ਐੱਚ ਐੱਲ ਐਕਸਪ੍ਰੈੱਸ ਵੱਲੋਂ ਸਾਲ -2025 ਲਈ ਸਾਲਾਨਾ ਕੀਮਤਾਂ 'ਚ ਤਬਦੀਲੀਆਂ ਦਾ ਐਲਾਨ

ਲੁਧਿਆਣਾ: ਦੁਨੀਆ ਦੀ ਪ੍ਰਮੁੱਖ ਅੰਤਰਰਾਸ਼ਟਰੀ ਐਕਸਪ੍ਰੈਸ ਸੇਵਾਵਾਂ ਦੇਣ ਵਾਲੀ ਕੰਪਨੀ ਡੀਐੱਚਐੱਲ ਐਕਸਪ੍ਰੈੱਸ ਨੇ ਅੱਜ ਕੀਮਤਾਂ ਵਿੱਚ ਤਬਦੀਲੀਆਂ ਦਾ ਐਲਾਨ ਕੀਤਾ ਹੈ ਜੋ 1 ਜਨਵਰੀ, 2025 ਤੋਂ ਲਾਗੂ ਹੋਣਗੀਆਂ।ਭਾਰਤ ਵਿੱਚ ਔਸਤਨ ਵਾਧਾ 6.9% ਹੋਵੇਗਾ।ਆਰ. ਐੱਸ. ਸੁਬਰਾਮਣੀਅਮ ਐੱਸਵੀਪੀ-ਦੱਖਣੀ ਏਸ਼ੀਆ, ਡੀਐੱਚਐੱਲ ਐਕਸਪ੍ਰੈੱਸ ਨੇ ਕਿਹਾ ਕਿ ਅਸੀਂ ਭੂ-ਰਾਜਨੀਤਿਕ ਗਤੀਸ਼ੀਲਤਾ ਅਤੇ ਸਪਲਾਈ ਚੇਨ ਵਿੱਚ ਰੁਕਾਵਟਾਂ ਦੇ ਚੱਲ ਰਹੇ ਪ੍ਰਭਾਵ ਦੇ ਬਾਵਜੂਦ ਵਿਸ਼ਵ ਪੱਧਰ ਤੇ ਸਥਿਰ ਅਤੇ ਭਰੋਸੇਯੋਗ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਸਾਲਾਨਾ ਕੀਮਤ ਅਨੁਕੂਲਨ ਦੇ ਨਾਲ ਅਸੀਂ ਬਾਹਰੀ ਹਾਲਾਤ ਦੀ ਪਰਵਾਹ ਕੀਤੇ ਬਿਨਾਂ ਆਪਣੇ ਗਾਹਕਾਂ ਦੇ ਕਾਰੋਬਾਰਾਂ ਲਈ ਨਿਰੰਤਰ ਸਹਾਇਤਾ ਨੂੰ ਯਕੀਨੀ ਬਣਾਉਂਦੇ ਹੋਏ ਇਸਦੇ ਲਚਕੀਲੇਪਣ ਅਤੇ ਅਨੁਕੂਲਤਾ ਨੂੰ ਵਧਾਉਣ ਲਈ ਆਪਣੇ ਨੈੱਟਵਰਕ ਵਿੱਚ ਨਿਵੇਸ਼ ਕਰਨਾ ਜਾਰੀ ਰੱਖ ਸਕਦੇ ਹਾਂ। ਮਹਿੰਗਾਈ ਅਤੇ ਮੁਦਰਾ ਗਤੀਸ਼ੀਲਤਾ ਦੇ ਨਾਲ-ਨਾਲ ਰੈਗੂਲੇਟਰੀ ਅਤੇ ਸੁਰੱਖਿਆ ਉਪਾਵਾਂ ਨਾਲ ਸੰਬੰਧਿਤ ਪ੍ਰਬੰਧਕੀ ਲਾਗਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡੀਐੱਚਐੱਲ ਐਕਸਪ੍ਰੈੱਸ ਦੁਆਰਾ ਸਾਲਾਨਾ ਅਧਾਰ ਤੇ ਕੀਮਤਾਂ ਨੂੰ ਐਡਜਸਟ ਕੀਤਾ ਜਾਂਦਾ ਹੈ।

ਗੁਰੂ ਕੀ ਬੇਰ ਸਾਹਿਬ ਬ੍ਰਦਰਜ਼ ਫ਼ੋਟੋਗ੍ਰਾਫਰ ਐਸੋਸੀਏਸ਼ਨ ਵੱਲੋਂ ਮੀਟਿੰਗ ਆਯੋਜਿਤ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਮੱਤੇਵਾਲ (ਬੋਪਾਰਾਏ) ਵਿਖੇ ਪ੍ਰਧਾਨ ਭਗਵਾਨ ਸਿੰਘ ਖੁਜਾਲਾ ਦੀ ਅਗਵਾਈ ਹੇਠ ਬ੍ਰਦਰਜ ਫ਼ੋਟੋਗ੍ਰਾਫਰ ਐਸੋਸੀਏਸ਼ਨ ਵੱਲੋਂ ਮੀਟਿੰਗ ਕੀਤੀ ਗਈ ਜਿਸ ਵਿੱਚ ਫ਼ੋਟੋਗ੍ਰਾਫ਼ੀ ਸਬੰਧੀ ਅਹਿਮ ਵਿਚਾਰਾਂ ਕੀਤੀਆਂ ਗਈਆਂ ਅਤੇ ਫ਼ੋਟੋਗ੍ਰਾਫਰਾਂ ਦੇ ਆਈ ਕਾਰਡ ਬਣਾਉਣ ਸਬੰਧੀ ਅਤੇ ਸਿਹਤ ਬੀਮਾ ਕਰਵਾਉਣ ਸਬੰਧੀ ਫੈਸਲਾ ਲਿਆ ਗਿਆ।ਬ੍ਰਦਰਜ਼ ਫ਼ੋਟੋਗ੍ਰਾਫਰ ਐਸੋਸੀਏਸ਼ਨ ਦੇ ਵਿਸਥਾਰ ਵਾਸਤੇ ਪ੍ਰਭਜੀਤ ਸਿੰਘ ਬੇਦੀ ਸਟੂਡੀਓ ਮਹਿਸਮਪੁਰ ਨੂੰ ਸਰਕਲ ਪ੍ਰਧਾਨ ਲਾਇਆ ਗਿਆ।ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਭਗਵਾਨ ਸਿੰਘ ਖੁਜਾਲਾ ਵਲੋਂ ਪ੍ਰਭਜੀਤ ਸਿੰਘ ਪ੍ਰਭ ਬੇਦੀ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਭਗਵਾਨ ਸਿੰਘ ਖੁਜਾਲਾ, ਹਰਜੀਤ ਸਟੂਡੀਓ ਤਰਸਿੱਕਾ ਜਨਰਲ ਸੈਕਟਰੀ, ਲੱਖਾ ਸਟੂਡੀਓ ਚਵਿੰਡਾ ਦੇਵੀ ਮੀਤ ਪ੍ਰਧਾਨ, ਸੁਰਿੰਦਰ ਸਟੂਡੀਓ ਚਵਿੰਡਾ ਦੇਵੀ ਕੈਸ਼ੀਅਰ, ਰਾਹੁਲ ਸਟੂਡੀਓ ਸ਼ਹਿਜ਼ਾਦਾ, ਗੁਰਦੀਪ ਸਿੰਘ ਸਰਕਲ ਪ੍ਰਧਾਨ ਮਹਿਤਾ, ਜਸਪਾਲ ਸਟੂਡੀਓ ਤਲਵੰਡੀ ਦੌਸੋਧਾ ਸਿੰਘ ਪ੍ਰੈੱਸ ਸਕੱਤਰ, ਕੁਲਦੀਪ ਸਟੂਡੀਓ ਖੁਜਾਲਾ, ਲੱਡੂ ਰਸੂ

28-Sep-PAGE-4.qxd 9/29/2024 9:30 PM Page 1

ਨਵਾਂ ਜ਼ਮਾਨਾ
ਸੋਮਵਾਰ, 30 ਸਤੰਬਰ 2024

ਮੋਦੀ ਸਰਕਾਰ ਦਾ ਫਰਜ਼ੀਵਾੜਾ

27 ਸਤੰਬਰ ਦੀਆਂ ਅਖਬਾਰਾਂ ਵਿਚ ਵੱਡਾ ਇਸ਼ਤਿਹਾਰ ਛਪਿਆ ਕਿ ਮੋਦੀ ਸਰਕਾਰ ਨੇ ਘੱਟੋ-ਘੱਟ ਉਜਰਤ ਵਿਚ ਵੱਡਾ ਵਾਧਾ ਕੀਤਾ ਹੈ। ਪਹਿਲੀ ਅਕਤੂਬਰ ਤੋਂ ਮਜ਼ਦੂਰਾਂ ਨੂੰ ਵਧੀ ਹੋਈ ਮਜ਼ਦੂਰੀ ਮਿਲੇਗੀ। ਇਸ ਦੀ ਸਚਾਈ ਇਹ ਹੈ ਕਿ ਇਹ ਕੋਈ ਸਰਕਾਰ ਵੱਲੋਂ ਵਧਾਈ ਗਈ ਮਜ਼ਦੂਰੀ ਨਹੀਂ, ਸਗੋਂ ਹਰ ਛੇ ਮਹੀਨੇ ਬਾਅਦ ਆਲ ਇੰਡੀਆ ਕੰਜ਼ਿਊਮਰ ਪ੍ਰਾਈਸ ਇੰਡੈੱਕਸ ਫਾਰ ਇੰਡਸਟਰੀਜ਼ ਦੇ ਹਿਸਾਬ ਨਾਲ ਵਧਣ ਵਾਲਾ ਮਹਿੰਗਾਈ ਭੱਤਾ ਹੈ। ਉਸ ਵਿਚ ਵੀ ਖੇਤੀ ਮਜ਼ਦੂਰਾਂ ਵਿੱਚੋਂ ਗੈਰ-ਹੁਨਰਮੰਦ ਮਜ਼ਦੂਰਾਂ ਦੀ ਦਿਹਾੜੀ ਤਿੰਨ ਰੁਪਏ ਵਧੀ ਹੈ, ਨੀਮ-ਹੁਨਰਮੰਦਾਂ, ਹੁਨਰਮੰਦਾਂ ਤੇ ਵਧੇਰੇ ਹੁਨਰਮੰਦਾਂ ਦੀ ਮਹਿਜ਼ ਚਾਰ ਰੁਪਏ ਵਧੀ ਹੈ। ਕੇਂਦਰ ਸਰਕਾਰ ਦੇ ਉਦਯੋਗਾਂ ਵਿਚ ਕੰਮ ਕਰਨ ਵਾਲੇ ਗੈਰ-ਹੁਨਰਮੰਦ ਮਜ਼ਦੂਰਾਂ ਦੀ ਪੰਜ ਰੁਪਏ, ਨੀਮ-ਹੁਨਰਮੰਦਾਂ ਤੇ ਹੁਨਰਮੰਦਾਂ ਦੀ ਛੇ ਰੁਪਏ ਤੇ ਵਧੇਰੇ ਹੁਨਰਮੰਦਾਂ ਦੀ ਸੱਤ ਰੁਪਏ ਵਧੀ ਹੈ। ਮਜ਼ਦੂਰੀ ਵਿਚ ਏਨੇ ਘੱਟ ਵਾਧੇ ਨੂੰ ਅਖਬਾਰਾਂ ਨੇ ਸਨਸਨੀਖੇਜ਼ ਢੰਗ ਨਾਲ ਪ੍ਰਚਾਰਤ ਕਰਕੇ ਭਰਮ ਪੈਦਾ ਕੀਤਾ ਹੈ। ਅਸਲ ਵਿਚ ਹੁਣ ਕੇਂਦਰ ਸਰਕਾਰ ਅਧੀਨ ਆਉਣ ਵਾਲੇ ਉਦਯੋਗਾਂ ਤੇ ਨਿਰਮਾਣ ਖੇਤਰ ਦੇ ਗੈਰ-ਹੁਨਰਮੰਦ ਮਜ਼ਦੂਰਾਂ ਨੂੰ 783 ਰੁਪਏ ਰੋਜ਼ਾਨਾ, ਨੀਮ-ਹੁਨਰਮੰਦਾਂ ਨੂੰ 868 ਰੁਪਏ, ਹੁਨਰਮੰਦਾਂ ਨੂੰ 954 ਰੁਪਏ ਤੇ ਵਧੇਰੇ ਹੁਨਰਮੰਦਾਂ ਨੂੰ 1035 ਰੁਪਏ ਮਜ਼ਦੂਰੀ ਮਿਲੇਗੀ ਅਤੇ ਮਹੀਨੇ ਦੇ ਹਿਸਾਬ ਨਾਲ ਕ੍ਰਮਵਾਰ 20358 ਰੁਪਏ, 22568 ਰੁਪਏ, 24804 ਰੁਪਏ ਤੇ 26910 ਰੁਪਏ ਮਿਲਣਗੇ।

ਦਰਅਸਲ ਘੱਟੋ-ਘੱਟ ਮਜ਼ਦੂਰੀ ਕਾਨੂੰਨ 1948 ਮੁਤਾਬਕ ਮਹਿੰਗਾਈ ਭੱਤੇ ਦੀ ਕਾਨੂੰਨੀ ਮੱਦ ਤਹਿਤ ਹਰ ਛੇ ਮਹੀਨੇ ਬਾਅਦ ਕੁਦਰਤੀ ਤੌਰ 'ਤੇ ਮਜ਼ਦੂਰੀ ਵਿਚ ਵਾਧਾ ਹੁੰਦਾ ਹੈ, ਯਾਨੀ ਕਿ ਸਾਲ ਵਿਚ ਦੋ ਵਾਰ—ਪਹਿਲੀ ਅਪ੍ਰੈਲ ਤੇ ਪਹਿਲੀ ਅਕਤੂਬਰ ਨੂੰ। ਘੱਟੋ-ਘੱਟ ਮਜ਼ਦੂਰੀ ਕਾਨੂੰਨ ਦੀ ਧਾਰਾ ਤਿੰਨ ਮੁਤਾਬਕ ਹਰ ਪੰਜ ਸਾਲ ਵਿਚ ਘੱਟੋ-ਘੱਟ ਮਜ਼ਦੂਰੀ ਦੀ ਉਜਰਤ ਸੋਧਣੀ ਲਾਜ਼ਮੀ ਹੈ। ਕੇਂਦਰ ਨੇ 2022 ਵਿਚ ਸੋਧਣੀ ਸੀ, ਪਰ ਅਜੇ ਤੱਕ ਨਹੀਂ ਸੋਧੀ। ਯੂ ਪੀ ਦੀ ਯੋਗੀ ਸਰਕਾਰ ਨੇ ਤਾਂ 2019 ਤੋਂ ਨਹੀਂ ਸੋਧੀ। ਦਰਅਸਲ ਮੋਦੀ ਸਰਕਾਰ ਨੇ ਘੱਟੋ-ਘੱਟ ਉਜਰਤ ਕਾਨੂੰਨ 1948 ਨੂੰ ਖਤਮ ਕਰਕੇ ਵੇਜ ਕੋਡ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਵੇਜ ਕੋਡ ਵਿਚ ਵੀ ਵਰਤਮਾਨ ਘੱਟੋ-ਘੱਟ ਉਜਰਤ ਤੋਂ ਹੇਠਾਂ ਘੱਟੋ-ਘੱਟ ਉਜਰਤ ਤੈਅ ਕੀਤੀ ਗਈ ਹੈ। ਇਹ ਅੱਜ ਦੀ ਤਰੀਕ ਵਿਚ 178 ਰੁਪਏ ਬਣਦੀ ਹੈ। ਇਸ ਦਾ ਟਰੇਡ ਯੂਨੀਅਨਾਂ ਨੇ ਭਾਰੀ ਵਿਰੋਧ ਕੀਤਾ ਤਾਂ ਕੇਂਦਰ ਸਰਕਾਰ ਨੇ ਅਰਜੁਨ ਸਤਪਤੀ ਦੀ ਅਗਵਾਈ ਵਿਚ ਕਮੇਟੀ ਬਣਾਈ। ਇਸ ਕਮੇਟੀ ਨੇ 375 ਰੁਪਏ ਦਿਹਾੜੀ ਦੀ ਸਿਫਾਰਸ਼ ਕੀਤੀ, ਪਰ ਕਾਰਪੋਰੇਟਾਂ ਤੇ ਉਦਯੋਗਪਤੀਆਂ ਦੇ ਵਿਰੋਧ ਕਾਰਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਸਵੀਕਾਰ ਨਹੀਂ ਕੀਤਾ ਗਿਆ ਤੇ ਕੌਮੀ ਪੱਧਰ 'ਤੇ ਘੱਟੋ-ਘੱਟ ਉਜਰਤ ਤੈਅ ਕਰਨ ਲਈ ਇਕ ਹੋਰ ਕਮੇਟੀ ਬਣਾ ਦਿੱਤੀ ਗਈ।

ਮਜ਼ਦੂਰਾਂ ਨੂੰ ਠੇਕਾ ਮਜ਼ਦੂਰ ਕਾਨੂੰਨ ਤੇ ਨਿਯਮਾਂ ਤਹਿਤ ਬਰਾਬਰ ਕੰਮ-ਬਰਾਬਰ ਉਜਰਤ ਦਾ ਅਧਿਕਾਰ ਹੈ। ਜਗਜੀਤ ਸਿੰਘ ਬਨਾਮ ਸਟੇਟ ਆਫ ਪੰਜਾਬ ਦੀ ਰਿੱਟ ਵਿਚ ਪੰਜਾਬ ਤੇ ਹਰਿਆਣਾ ਦੇ ਬਿਜਲੀ ਮਜ਼ਦੂਰਾਂ ਦੇ ਸੰਦਰਭ ਵਿਚ ਸੁਪਰੀਮ ਕੋਰਟ ਨੇ 26 ਅਕਤੂਬਰ 2016 ਵਿਚ ਆਪਣੇ ਫੈਸਲੇ 'ਚ ਸਪੱਸ਼ਟ ਕੀਤਾ ਸੀ ਕਿ ਕੋਈ ਵੀ ਵਿਅਕਤੀ ਆਪਣੀ ਇੱਛਾ ਨਾਲ ਠੇਕਾ ਮਜ਼ਦੂਰ ਦੇ ਤੌਰ 'ਤੇ ਬੇਹੱਦ ਘੱਟ ਮਜ਼ਦੂਰੀ ਲਈ ਕੰਮ ਨਹੀਂ ਕਰਦਾ। ਆਪਣੇ ਪਰਵਾਰ ਦੀ ਰੋਟੀ, ਕੱਪੜਾ, ਮਕਾਨ ਲਈ ਉਹ ਆਪਣੇ ਸਵੈਮਾਣ ਦੀ ਕੀਮਤ ਚੁਕਾਉਂਦਾ ਹੈ। ਕਿਸੇ ਵੀ ਕਲਿਆਣਕਾਰੀ ਰਾਜ ਵਿਚ ਬਰਾਬਰ ਕੰਮ ਕਰਨ ਵਾਲੇ ਮਜ਼ਦੂਰ ਨੂੰ ਘੱਟ ਮਜ਼ਦੂਰੀ ਕਤਈ ਨਹੀਂ ਦਿੱਤੀ ਜਾ ਸਕਦੀ। ਘੱਟ ਮਜ਼ਦੂਰੀ ਦੇਣਾ ਸ਼ੋਸ਼ਣ ਤੇ ਦਾਸ ਬਣਾਉਣਾ ਤੇ ਦਮਨਕਾਰੀ ਕਾਰਾ ਹੈ। ਕੇਂਦਰ ਸਰਕਾਰ ਨੇ ਲੇਬਰ ਕੋਡ ਵਿਚ ਬਰਾਬਰ ਕੰਮ-ਬਰਾਬਰ ਉਜਰਤ ਦੀ ਵਿਵਸਥਾ ਹੀ ਖਤਮ ਕਰ ਦਿੱਤੀ ਹੈ। ਸਰਕਾਰ ਕਾਰਪੋਰੇਟਾਂ ਤੇ ਸਰਮਾਏਦਾਰ ਘਰਾਣਿਆਂ ਦੀ ਏਜੰਟ ਬਣ ਕੇ ਕੰਮ ਦੇ ਘੰਟੇ ਵਧਾਉਣ ਤੇ ਮਜ਼ਦੂਰੀ ਦੀਆਂ ਦਰਾਂ ਘਟਾਉਣ ਵਿਚ ਲੱਗੀ ਹੋਈ ਹੈ। ਸਰਕਾਰ ਦਾ ਇਹ ਚਰਿਤਰ ਲਗਾਤਾਰ ਨੰਗਾ ਹੋ ਰਿਹਾ ਹੈ ਤੇ ਉਹ ਆਪਣੀ ਕਾਰਸਤਾਨੀ ਲੁਕੋਣ ਲਈ ਮਜ਼ਦੂਰੀ ਵਧਾਉਣ ਦਾ ਝੂਠਾ ਪ੍ਰਚਾਰ ਕਰਨ ਲੱਗੀ ਹੋਈ ਹੈ।

ਪਾਠਕ-ਸੱਥ

ਦਵਾਈਆਂ ਦੀ ਭਰੋਸੇਯੋਗਤਾ

ਬੀਤੇ ਦਿਨੀਂ ਆਈ ਖਬਰ ਅਨੁਸਾਰ ਤਰਵੰਜਾ ਦਵਾਈਆਂ, ਜਿਹਨਾਂ ਵਿੱਚ ਦਰਦ, ਸ਼ੂਗਰ ਅਤੇ ਹੋਰ ਪ੍ਰਮੁੱਖ ਸਨ, ਦੇ ਸੈਂਪਲ ਫੇਲ੍ਹ ਹੋਣ ਕਰਕੇ ਦਵਾਈਆਂ ਅਤੇ ਮੈਡੀਕਲ ਥੈਰੇਪੀ ਦੀ ਭਰੋਸੇਯੋਗਤਾ ਇੱਕ ਵਾਰ ਫਿਰ ਕਟਹਿਰੇ ਵਿੱਚ ਆ ਕੇ ਖੜ੍ਹੀ ਹੋ ਗਈ ਹੈ। ਆਮ ਵਿਅਕਤੀ ਹਰ ਰੋਜ਼ ਲੁੱਟਿਆ ਜਾ ਰਿਹਾ ਹੈ। ਅਜਿਹਾ ਕੋਈ ਖੇਤਰ ਨਹੀਂ, ਜਿਸ ਨੇ ਉਸ ਨੂੰ ਕੱਖੋਂ ਹੌਲਾ ਨਾ ਕੀਤਾ ਹੋਵੇ। ਆਮ ਵਿਅਕਤੀ ਤਾਂ ਵਧਦੀ ਮਹਿੰਗਾਈ ਕਰਕੇ ਰੋਜ਼ਾਨਾ ਦੀਆਂ ਲੋੜਾਂ ਪੂਰੀ ਕਰਨ ਵਿੱਚ ਵੀ ਅਸਮਰਥ ਹੈ, ਪ੍ਰੰਤੂ ਉਦੋਂ ਹੋਰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਇਲਾਜ ਲਈ ਮਹਿੰਗੇ ਹਸਪਤਾਲਾਂ ਅਤੇ ਨਕਲੀ ਦਵਾਈਆਂ ਦੇ ਜਾਲ ਵਿੱਚ ਫਸ ਜਾਂਦਾ ਹੈ। ਸਮੇਂ-ਸਮੇਂ ਨਕਲੀ ਦਵਾਈਆਂ ਫੜੀਆਂ ਜਾਂਦੀਆਂ ਹਨ, ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ, ਪਰੰਤੂ ਇਸ ਦੀਆਂ ਜੜ੍ਹਾਂ ਪੁੱਟਣਾ ਬਹੁਤ ਮੁਸ਼ਕਲ ਜਾਪਦਾ ਹੈ। ਸਿਆਣੇ ਕਹਿੰਦੇ ਹਨ ਕਿ ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ। ਨਕਲੀ ਦਵਾਈਆਂ ਰਾਹੀਂ ਆਮ ਵਿਅਕਤੀ ਦੀ ਮਿਹਨਤ-ਮੁਸ਼ੱਕਤ ਦੀ ਕਮਾਈ 'ਤੇ ਡਾਕਾ ਮਾਰ ਕੇ ਉਹਨਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਲਈ ਸਰਕਾਰ ਨੂੰ ਸੁਹਿਰਦ ਹੋਣਾ ਹੋਵੇਗਾ। ਇਹਨਾਂ ਨੂੰ ਨੱਥ ਪਾਉਣ ਲਈ ਸਖਤ ਤੋਂ ਸਖਤ ਸਜ਼ਾ ਮੁਕੱਰਰ ਕਰਨੀ ਹੋਵੇਗੀ। ਇਕੱਲੀ ਸਰਕਾਰ ਦਾ ਹੀ ਫਰਜ਼ ਨਹੀਂ ਬਣਦਾ ਕਿ ਉਹ ਹਰ ਕੰਮ ਕਰੇ। ਦਵਾਈਆਂ ਦੀ ਖਰੀਦ ਵੇਲੇ ਉਹਨਾਂ ਦੀ ਕੀਮਤ ਅਤੇ ਮਿਆਦ ਦੇ ਨਾਲ-ਨਾਲ ਉਹਨਾਂ ਬਾਰੇ ਜਾਣਕਾਰੀ ਰੱਖਣਾ ਆਮ ਵਿਅਕਤੀ ਦਾ ਵੀ ਫਰਜ਼ ਹੈ। ਨੀਮ-ਹਕੀਮ ਡਾਕਟਰਾਂ ਦਾ ਖਹਿੜਾ ਛੱਡ ਕੇ ਇੱਕ ਕਾਬਿਲ ਅਤੇ ਪੜ੍ਹੇ ਲਿਖੇ ਡਾਕਟਰ ਦੀ ਸਲਾਹ ਨਾਲ ਹੀ ਦਵਾਈ ਖ਼ਰੀਦਣੀ ਚਾਹੀਦੀ ਹੈ। ਡਾਕਟਰ ਨੂੰ ਰੱਬ ਕਿਹਾ ਜਾਂਦਾ ਹੈ, ਡਾਕਟਰ ਵੀ ਦਵਾਈ ਦੇਣ ਵੇਲੇ ਕਿਸੇ ਲਾਲਚ ਦੀ ਉਮੀਦ ਨਾ ਕਰਨ ਅਤੇ ਚੰਗੀ ਕੰਪਨੀ ਦੀ ਸਹੀ ਦਵਾਈ ਨੂੰ ਹੀ ਪਹਿਲ ਦੇਣ।

-ਰਜਵਿੰਦਰ ਪਾਲ ਸ਼ਰਮਾ, ਸੰਪਰਕ : 70873-67969

ਪੰਜਾਬ 'ਚ ਚਿੱਟੇ ਤੇ ਗਿਸ਼ਵਤ ਦਾ ਬੋਲਬਾਲਾ

ਚਿੱਟੇ ਨੇ ਕਈ ਸਰਕਾਰਾਂ ਦੀ ਉਲਟ-ਪੁਲਟ ਕੀਤੀ ਹੈ, ਜਿਹੜੀ ਧਿਰ ਵੀ ਸੱਤਾ ਵਿੱਚ ਆਈ, ਉਸ ਨੇ ਪੂਰੀ ਵਾਹ ਲਾ ਕੇ ਜ਼ੋਰ ਅਜ਼ਮਾਇਸ਼ ਕੀਤੀ, ਪਰ ਅਸਫ਼ਲ ਹੀ ਰਹੀ, ਕੋਈ ਨਤੀਜਾ ਹਾਸਿਲ ਨਹੀਂ ਹੋਇਆ। ਚਿੱਟਾ ਅੱਜ ਵੀ ਪੂਰੇ ਜ਼ੋਰਾਂ-ਸ਼ੋਰਾਂ ਨਾਲ ਵਿਕ ਰਿਹਾ ਹੈ। ਹਰ ਰੋਜ਼ ਕਿੱਧਰੇ ਨਾ ਕਿੱਧਰੇ ਬਜ਼ੁਰਗ ਮਾਪੇ ਆਪਣੇ ਪੁੱਤਾਂ ਨੂੰ ਸ਼ਮਸ਼ਾਨਘਾਟ ਵਿੱਚ ਲੈ ਕੇ ਜਾਂਦੇ ਨਜ਼ਰ ਆਉਂਦੇ ਹਨ। ਅੱਗ ਦੇ ਭਾਂਬੜ ਬਹੁਤ ਉੱਚੀਆਂ-ਉੱਚੀਆਂ ਲਾਟਾਂ ਕੱਢ ਰਹੇ ਹਨ। ਦੂਜੇ ਪਾਸੇ ਗਿਸ਼ਵਤ ਵੀ ਆਪਣੀ ਪੂਰੀ ਧਾਕ ਜਮਾਈ ਬੈਠੀ ਹੈ, ਬੰਦ ਹੋਣ ਦਾ ਸੁਪਨਾ ਵੀ ਨਹੀਂ ਲੈ ਸਕਦੀ। ਨਾ ਇਹ ਅੱਜ ਬੰਦ ਹੋਵੇ ਤੇ ਨਾ ਕੱਲ੍ਹ ਬੰਦ ਹੋਣੀ ਹੈ। ਹੁਣ ਚਿੱਟੇ ਤੇ ਗਿਸ਼ਵਤ ਨੂੰ ਬੰਦ ਕਰਾਉਣ ਵਿੱਚ ਅਵਾਮ ਨੂੰ ਅੱਗੇ ਆਉਣ ਦੀ ਲੋੜ ਹੈ। ਅਵਾਮ ਚਾਹੇ ਤਾਂ ਕੀ ਨਹੀਂ ਕਰ ਸਕਦਾ। ਜੇਕਰ ਅਵਾਮ ਆਪਣੀਆਂ ਆਉਣ ਵਾਲੀਆਂ ਨਸਲਾਂ ਦਾ ਭਲਾ ਚਾਹੁੰਦਾ ਹੈ ਤਾਂ ਸਾਰੀਆਂ ਰਾਜਨੀਤੀਕ ਪਾਰਟੀਆਂ ਤੋਂ ਉੱਪਰ ਉੱਠ ਕੇ ਗਿਸ਼ਵਤ ਨੂੰ ਨੱਥ ਪਾਵੇ ਤੇ ਚਿੱਟੇ ਦਾ ਕਾਰੋਬਾਰ ਬੰਦ ਕਰਵਾਵੇ ।

-ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ, ਫਿਰੋਜ਼ਪੁਰ 75891-55501

ਪੰਜਾਬ ਤੇਰਾ ਵਾਲੀ-ਵਾਰਸ ਕੌਣ ?

ਗੁਰਚਰਨ ਸਿੰਘ ਨੂਰਪੁਰ

ਜਦੋਂ ਕਿਸੇ ਧਰਤੀ ਵੱਲ ਉਹਦੇ ਆਪਣੇ ਹੀ ਕੰਡ ਕਰ ਲੈਣ ਤਾਂ ਉਸ ਖਿੱਤੇ ਦੇ ਹਾਲਾਤ ਕਿਹੋ ਜਿਹੇ ਹੋਣਗੇ? ਉਹ ਦਾ ਵਾਲੀ-ਵਾਰਸ ਕੌਣ ਹੋਵੇਗਾ? ਇਹੋ ਕੁਝ ਹੋ ਰਿਹਾ ਹੈ ਅੱਜ ਪੰਜਾਬ ਨਾਲ। ਪੰਜਾਬ ਦੀ ਜਿਸ ਧਰਤੀ 'ਤੇ ਸਾਡੇ ਗੁਰੂ ਬਾਬੇ ਨੇ ਹਲ ਵਾਹਿਆ, ਸਮੁੱਚੀ ਮਾਨਵਤਾ ਨੂੰ ਸਰਬੱਤ ਦੇ ਭਲੇ ਦਾ ਪੈਗਾਮ ਦਿੱਤਾ, ਉਸ ਧਰਤੀ ਦੇ ਵਾਰਸ ਅੱਜ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਆਪਣਾ ਭਵਿੱਖ ਤਲਾਸ਼ ਰਹੇ ਹਨ। ਜਿਸ ਧਰਤੀ 'ਤੇ ਬਾਬੇ ਨੇ ਹਵਾ ਨੂੰ ਗੁਰੂ, ਧਰਤੀ ਨੂੰ ਮਾਂ ਤੇ ਪਾਣੀ ਨੂੰ ਪਿਤਾ ਦਾ ਦਰਜਾ ਦੇਣ ਦੀ ਸਾਨੂੰ ਤਾਗੀਦ ਕੀਤੀ, ਉਸ ਧਰਤੀ ਦੀ ਹਵਾ ਪਲੀਤ ਹੋ ਗਈ, ਅਸੀਂ ਧਰਤੀ ਮਾਂ ਨੂੰ ਹਰ ਛੇ ਮਹੀਨੇ ਬਾਅਦ ਅੱਗ ਹਵਾਲੇ ਕਰ ਦਿੰਦੇ ਹਾਂ। ਪਾਣੀ ਸਾਥੋਂ ਰੁਸ ਗਏ ਤੇ ਗੰਧਲੇ ਹੋ ਗਏ । ਅਸੀਂ ਪੰਜਾਬ ਵਾਸੀ ਭਿਆਨਕ ਸੰਕਟਾਂ ਦਾ ਸ਼ਿਕਾਰ ਹੋ ਗਏ। ਪੰਜਾਬ ਹੁਣ ਨਸ਼ਿਆਂ ਦੀ ਅੱਗ ਨਾਲ ਬਲਦਾ ਹੈ, ਕਰਜ਼ੇ ਦੀਆਂ ਭਾਰੀਆਂ ਪੰਡਾਂ ਨਾਲ ਹਾਲੋ-ਬੇਹਾਲ ਹੈ। ਇਹਦੇ ਧੀਆਂ ਪੁੱਤਰ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ ਹਨ। ਨਸ਼ਿਆਂ ਅਤੇ ਪ੍ਰਵਾਸ ਦੇ ਸੰਤਾਪ ਕਰਕੇ ਵੱਡੀ ਗਿਣਤੀ ਵਿੱਚ ਲੋਕ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ।

ਪੰਜਾਬ ਦੀ ਧਰਤੀ ਜਿੱਥੇ ਕਦੇ ਭੰਗੜਿਆਂ, ਗਿੱਧਿਆਂ, ਮੇਲਿਆਂ, ਤਿਉਹਾਰਾਂ, ਜਸ਼ਨਾਂ, ਚਾਵਾਂ ਮਲ੍ਹਾਰਾਂ ਅਤੇ ਰੀਝਾਂ ਪਨਪਦੀਆਂ ਸਨ, ਉਹ ਹੁਣ ਉਦਾਸ ਹੈ, ਨਿਰਾਸ਼ ਹੈ। 'ਪੰਜਾਬ ਜਿਸ ਨੂੰ ਕਿਹਾ ਗਿਆ ਕਿ ਪੰਜਾਬ ਵੱਸਦਾ ਗੁਰਾਂ ਦੇ ਨਾਮ ਉੱਤੇ' ਉਸ ਪੰਜਾਬ ਦੇ ਵਿਹੜਿਆਂ ਵਿੱਚ ਸੁੰਨ ਪਸਰ ਰਹੀ ਹੈ। ਇੱਥੇ ਬੜੀ ਤੇਜ਼ੀ ਨਾਲ ਛੋਟੇ ਕਿਸਾਨ ਕਿਸਾਨੀ ਤੋਂ ਬਾਹਰ ਹੋ ਰਹੇ ਹਨ। ਨੌਜਵਾਨਾਂ ਲਈ ਰੋਜ਼ਗਾਰ ਦੇ ਦਰਵਾਜ਼ੇ ਬੰਦ ਹਨ। ਭਗਤ ਸਿੰਘ ਤੇ ਸਰਾਭਿਆਂ ਅਤੇ ਦੁੱਲਿਆਂ ਦੀ ਇਸ ਸਰਜ਼ਮੀ ਤੇ ਹੁਣ ਨਿਰਾਸ਼ਾ ਹੈ, ਫਿਕਰ ਹੈ, ਡਰ, ਸਹਿਮ ਤੇ ਮਾਤਮ ਹੈ। ਜੇਕਰ ਕਿਸੇ ਖਿੱਤੇ ਵਿੱਚ ਸਾਡੀ ਧਰਤੀ ਨਾਲੋਂ ਜਿਊਣ ਹਾਲਤਾਂ ਚੰਗੀਆਂ ਹਨ ਤਾਂ ਇਸ ਦਾ ਸਿੱਧਾ ਭਾਵ ਇਹ ਹੈ ਕਿ ਉਸ ਧਰਤੀ ਦੀ ਵਾਗਡੋਰ ਸਾਡੇ ਨਾਲੋਂ ਵੱਧ ਸੁਹਿਰਦ ਲੋਕਾਂ ਦੇ ਹੱਥਾਂ ਵਿੱਚ ਰਹੀ ਹੋਵੇਗੀ। ਜੇਕਰ ਅਸੀਂ ਪੰਜਾਬ ਦੇ ਲੋਕ ਵੱਖ-ਵੱਖ ਤਰ੍ਹਾਂ ਦੀਆਂ ਮੁਸ਼ਕਲਾਂ, ਸਮੱਸਿਆਵਾਂ ਨਾਲ ਦੋ-ਚਾਰ ਹੋ ਰਹੇ ਹਾਂ, ਸਾਨੂੰ ਇੱਥੇ ਆਪਣਾ ਭਵਿੱਖ ਹਨੇਰਾ ਨਜ਼ਰ ਆਉਣ ਲੱਗਾ ਹੈ ਤਾਂ ਇਸ ਦਾ ਸਿੱਧਾ ਮਤਲਬ ਇਹ ਹੈ ਕਿ ਇੱਥੇ ਬਦਲ-ਬਦਲ ਕੇ ਰਾਜ ਕਰਨ ਵਾਲੀਆਂ ਰਾਜਸੀ ਧਿਰਾਂ ਦੀ ਮਨਸ਼ਾ ਸਾਡਾ ਭਵਿੱਖ ਨਹੀਂ, ਬਲਕਿ ਕੇਵਲ ਸਾਡੀ ਵੋਟ ਸੀ। ਉਹਨਾਂ ਕੋਲ ਸਾਡੇ ਲਈ ਸਾਡੀਆਂ ਔਲਾਦਾਂ ਦੇ ਭਵਿੱਖ ਲਈ ਕੋਈ ਪ੍ਰੋਗਰਾਮ ਨਹੀਂ ਰਿਹਾ। ਇਹ ਸਥਿਤੀ ਕੱਲ੍ਹ ਵੀ ਸੀ, ਅੱਜ ਵੀ ਹੈ ਅਤੇ ਸੰਕੇਤ ਇਹ ਹਨ ਕਿ ਇਹ ਸਥਿਤੀ ਪਰਸੋਂ ਤੱਕ ਹੋਰ ਨਿੱਘਰ ਜਾਣ ਵਾਲੀ ਹੈ।

ਇੱਥੇ ਰਾਜ ਕਰਨ ਵਾਲੀਆਂ ਧਿਰਾਂ ਦੀ ਮਨਸ਼ਾ ਕੱਲ੍ਹ ਵੀ ਇਹ ਸੀ ਕਿ ਲੋਕਾਂ ਨੂੰ ਵੱਧ ਤੋਂ ਵੱਧ ਖੈਰਾਤਾਂ ਦੇ ਕੇ ਭਿੱਖ ਮੰਗੇ ਬਣਾ ਦਿੱਤਾ ਜਾਵੇ, ਲੋਕ ਦਾਲ-ਰੋਟੀ ਦੇ ਮੁਥਾਜ਼ ਬਣਾ ਦਿੱਤੇ ਜਾਣ, ਹਰ ਰਾਜਸੀ ਪਾਰਟੀ ਇੱਕ ਤੋਂ ਵਧ ਕੇ ਸਾਨੂੰ ਖੈਰਾਤਾਂ ਦੇਣ ਲੱਗੀਆਂ। ਇਸ ਨਾਲ ਵੱਡੀਆਂ ਖੈਰਾਤਾਂ ਦੇਣ ਵਾਲੀਆਂ ਪਾਰਟੀਆਂ ਦਾ ਵੋਟ ਝਾੜ ਵੀ ਵਧਿਆ ਪਰ ਕਿਸੇ ਨੂੰ ਇਸ ਦਾ ਕੋਈ ਫਿਕਰ ਨਹੀਂ ਕਿ ਅਸੀਂ ਆਪਣੇ ਭਵਿੱਖ ਨੂੰ ਤਬਾਹ ਕਰ ਰਹੇ ਹਾਂ। ਇਹ ਸਭ ਕੁਝ ਨਾ ਲੋਕਾਂ ਨੇ ਸੋਚਿਆ ਨਾ ਰਾਜ ਕਰਨ ਵਾਲੀਆਂ ਧਿਰਾਂ ਨੂੰ ਇਸ ਦੀ ਕੋਈ ਫਿਕਰ ਸੀ, ਨਾ ਅੱਜ ਵੀ ਹੈ। ਕਿਸੇ ਵੀ ਰਾਜਸੀ ਪਾਰਟੀ ਕੋਲ ਪੰਜਾਬ ਨੂੰ ਬਚਾਉਣ ਲਈ ਅੱਜ ਕੀ ਪ੍ਰੋਗਰਾਮ ਹੈ, ਇਹ ਇੱਕ ਵੱਡਾ ਸਵਾਲ ਹੈ, ਜਿਸ ਦਾ ਜਵਾਬ ਕਿਸੇ ਵੀ ਰਾਜਸੀ ਧਿਰ ਕੋਲ ਨਹੀਂ। ਹਾਲਾਤ ਇਹ ਹਨ ਕਿ ਸਾਡੀ ਧਰਤੀ ਦਾ ਸਰਮਾਇਆ ਸਾਡੇ ਨੌਜਵਾਨ ਬੇਕਾਰੀ ਦੇ ਆਲਮ ਵਿੱਚ ਭਟਕ ਰਹੇ ਹਨ। ਨਸ਼ਿਆਂ ਦੇ ਕੋਹੜ ਦਾ ਸ਼ਿਕਾਰ ਹੋਏ ਨੌਜਵਾਨਾਂ ਦੇ ਸਿਵੇ ਹਰ ਦਿਨ ਬਲ ਰਹੇ ਹਨ, ਪਰ ਅਸੀਂ ਪੰਜਾਬੀ ਜਿਵੇਂ ਇਸ ਸਭ ਕੁਝ ਦੇ ਆਦੀ ਹੋ ਗਏ ਹਾਂ।

ਮੇਰੀ ਕਲਮ ਦੇ ਕੁਝ ਸ਼ਬਦ ਹਨ :
ਰੁੱਤਾਂ ਇਹ ਅਵਾਜ਼ਾਰ ਨੇ ਕੁਝ ਕਰੋ ਯਾਰੋ,
ਮਾਵਾਂ ਬੜੀਆਂ ਲਾਚਾਰ ਨੇ ਕੁਝ ਕਰੋ ਯਾਰੋ।
ਪਿੰਡ ਮੇਰੇ ਵਗ ਰਹੀ ਪਾਗਲ ਹਵਾ,
ਬਿਰਖ ਬੜੇ ਬੇਜ਼ਾਰ ਨੇ ਕੁਝ ਕਰੋ ਯਾਰੋ।

ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਨੌਜਵਾਨਾਂ ਦੀ ਠੇਕੇ ਤੇ ਕੀਤੀ ਜਾਂਦੀ ਭਰਤੀ ਵੀ ਆਪਣੀ ਵੱਖਰੀ ਕਿਸਮ ਦੇ ਸੰਕਟ ਪੈਦਾ ਕਰ ਰਹੀ ਹੈ। ਕੁਝ ਸਮਾਂ ਕੰਮ 'ਤੇ ਰੱਖ ਕੇ ਮਗਰੋਂ ਕੰਮ ਤੋਂ ਵਿਹਲੇ ਕਰ ਦਿੱਤੇ ਜਾਣ ਵਾਲੇ ਨੌਜਵਾਨ ਵੱਖ-ਵੱਖ ਤਰ੍ਹਾਂ ਦੀਆਂ ਮਾੜੀਆਂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ। ਪਿਛਲੇ ਅਰਸੇ ਤੋਂ ਲੁੱਟਾਂ

30-SEP-PAGE-5.qxd 9/29/2024 9:04 PM Page 1

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੀਆਂ ਫੂਕੀਆਂ ਅਰਥੀਆਂ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਰਕਾਰ ਵੱਲੋਂ ਪਿਛਲੇ ਢਾਈ ਸਾਲ ਤੋਂ ਲਾਏ ਜਾ ਰਹੇ ਲਾਰਿਆਂ ਖਿਲਾਫ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਨੂੰ ਲੈ ਕੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਵੱਲੋਂ ਮਾਨਸਾ ਹਲਕੇ ਤੋਂ ਵਿਧਾਇਕ ਵਿਜੇ ਸਿੰਗਲਾ ਤੇ ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਦੇ ਘਰਾਂ ਅੱਗੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੀਆਂ ਅਰਥੀ ਸਾੜੀਆਂ ਗਈਆਂ। ਸਥਾਨਕ ਬਾਲ ਭਵਨ ਵਿਖੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਸ਼ਹਿਰ ਵਿੱਚੋਂ ਦੀ ਮਾਰਚ ਕਰਦੇ ਹੋਏ ਵਿਜੇ ਸਿੰਗਲਾ ਤੇ ਗੁਰਪ੍ਰੀਤ ਸਿੰਘ ਬਣਾਂਵਾਲੀ ਦੇ ਘਰ ਤੱਕ ਰੋਸ ਮਾਰਚ ਕੀਤਾ। ਰੋਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕੋ ਕਨਵੀਨਰ ਕਰਮਜੀਤ ਤਾਮਕੋਟ, ਜ਼ਿਲ੍ਹਾ ਕਨਵੀਨਰ ਦਰਸ਼ਨ ਅਲੀਸ਼ੇਰ ਤੇ ਜ਼ਿਲ੍ਹਾ ਕਨਵੀਨਰ ਲਖਵਿੰਦਰ ਮਾਨ ਨੇ ਕਿਹਾ ਕਿ ਦੋ ਸਾਲ ਪਹਿਲਾਂ ਗੁਜਰਾਤ ਚੋਣਾਂ ਮੌਕੇ ਪੁਰਾਣੀ ਪੈਨਸ਼ਨ ਦਾ ਐਲਾਨ ਕਰਕੇ ਹੁਣ ਤੱਕ ਅਮਲੀ ਰੂਪ 'ਚ ਕੁਝ ਵੀ ਨਹੀਂ ਕੀਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਨਰਿੰਦਰ ਮਾਖਾ, ਗੁਰਤੇਜ ਉੱਭਾ, ਮੇਜਰ ਸਿੰਘ ਦੂਲੋਵਾਲ, ਗੁਰਜੀਤ ਰੜ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਮਹੀਨੇ ਮੁਲਾਜ਼ਮਾਂ ਦੇ ਤਨਖਾਹ ਵਿੱਚੋਂ ਐੱਨ ਪੀ ਐੱਸ ਅਧੀਨ ਕਰੋੜਾਂ ਰੁਪਏ ਕੱਟ ਕੇ ਕਾਰਪੋਰੇਟਾਂ ਨੂੰ ਦਿੱਤੇ ਜਾ ਰਹੇ। ਆਪਣੇ ਸੰਬੋਧਨ ਦੌਰਾਨ ਨਿਧਾਨ ਸਿੰਘ ਤੇ ਬੇਅੰਤ ਸਿੰਘ ਰੜ ਨੇ ਕਿਹਾ ਕਿ ਗੱਲ-ਗੱਲ 'ਤੇ ਕੇਂਦਰ ਸਰਕਾਰ ਦਾ ਵਿਰੋਧ ਕਰਨ ਵਾਲੀ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਦੇ ਮਸਲੇ 'ਤੇ ਕੇਂਦਰ ਸਰਕਾਰ ਨਾਲ ਘਿਓ ਖਿੱਚੜੀ ਜਾਪਦੀ ਹੈ। ਇਸ ਮੌਕੇ ਤਰਸੇਮ ਬੋੜਾਵਾਲ, ਰਾਜਵਿੰਦਰ ਬਹਿਣੀਵਾਲ, ਜਗਵੰਤ ਦਲੀਏਵਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਫ਼ਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਅਤੇ ਹਰ ਵਰਗ ਦੇ ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ। ਗੁਰਬਚਨ ਹੀਰੇਵਾਲਾ, ਤਰਵਿੰਦਰ ਸਿੰਘ, ਗੁਰਪ੍ਰੀਤ ਭੀਖੀ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਪੁਰਾਣੀ ਪੈਨਸ਼ਨ ਲਾਗੂ ਨਹੀਂ ਕੀਤੀ ਜਾਂਦੀ, ਓਦੋਂ ਤੱਕ ਸਰਕਾਰ ਵਿਰੁੱਧ ਇਸੇ ਤਰ੍ਹਾਂ ਸੰਘਰਸ਼ ਜਾਰੀ ਰਹੇਗਾ। ਜਥੇਬੰਦੀ ਦੇ ਆਗੂਆਂ ਗੁਰਪ੍ਰੀਤ ਦਲੇਲਵਾਲਾ, ਕਰਨਪਾਲ ਸਿੰਘ, ਸ਼ਿੰਗਾਰਾ ਸਿੰਘ, ਰਾਜਿੰਦਰ ਪਾਲ ਸਿੰਘ ਆਗੂਆਂ ਨੇ ਤਿੱਖੀ ਸੁਰ 'ਚ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਆਉਣ ਵਾਲਿਆਂ ਜ਼ਿਮਨੀ ਚੋਣਾਂ ਵਿੱਚ ਸਰਕਾਰ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। 3 ਅਕਤੂਬਰ ਨੂੰ ਬਰਨਾਲਾ ਵਿਖੇ ਆਉਣ ਵਾਲੀ ਜ਼ਿਮਨੀ ਚੋਣ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਇਸ ਮੌਕੇ ਅਮਨਦੀਪ ਕੌਰ, ਬੇਅੰਤ ਕੌਰ, ਅਮਰਪ੍ਰੀਤ ਕੌਰ, ਹਰਪ੍ਰੀਤ ਕੌਰ, ਵੀਰਪਾਲ ਕੌਰ, ਸਹਿਦੇਵ ਸਿੰਘ, ਦਮਨਜੀਤ ਸਿੰਘ, ਸੁਖਚੈਨ ਸੋਖੇ, ਭੁਪਿੰਦਰ ਸਿੰਘ, ਅਵਤਾਰ ਸਿੰਘ, ਸੁਖਵੰਤ ਸਿੰਘ, ਜਸਪ੍ਰੀਤ ਸਿੰਘ, ਰਾਜਿੰਦਰ ਸਿੰਘ, ਸੁਖਬੀਰ ਫੌਜੀ, ਰਾਜ ਹੀਰੋ, ਉਮੇਸ਼ ਕੁਮਾਰ, ਹਰਦੇਵ ਸਿੰਘ, ਗੁਰਦੀਪ ਬਰਨਾਲਾ, ਗੁਰਜੀਤ ਗੁਰਨੇ, ਨਵਜੋਸ਼ ਸਪੋਲੀਆ, ਸੁਖਵਿੰਦਰ ਮਾਖਾ, ਅਮਰੀਕ ਮਾਖਾ, ਰਿਕਲ ਮੈਡਮ, ਕੁਲਦੀਪ ਅੱਕਾਂਵਾਲੀ, ਗੁਰਜੀਤ ਮਾਨਸਾ, ਹੀਰਾ ਲਾਲ, ਬਲਵਿੰਦਰ ਪੀ ਟੀ, ਬਲਵੀਰ ਸਿੰਘ, ਜਸਵਿੰਦਰ ਜੋਗਾ, ਹਰਿੰਦਰ ਪਾਲ, ਸਤਿਗੁਰ ਸਿੰਘ, ਸਤੀਸ਼ ਕੁਮਾਰ, ਏਕਮ ਸਿੰਘ, ਸਮਰਜੀਤ ਸਿੰਘ, ਗੁਰਵਿੰਦਰ ਪੀ ਟੀ ਆਈ ਆਦਿ ਹਾਜ਼ਰ ਸਨ।

ਭਗਤ ਸਿੰਘ ਦਾ ਨਾਂਅ ਵਰਤ ਕੇ ਸੱਤਾ ਸੰਭਾਲਣ ਵਾਲੀ 'ਆਪ' ਸਰਕਾਰ ਸ਼ਹੀਦ ਦੀ ਸੋਚ ਵਿਰੁੱਧ ਭੁਗਤ ਰਹੀ ਹੈ : ਬਲਕਰਨ ਮੋਗਾ

ਮੋਗਾ (ਇਕਬਾਲ ਸਿੰਘ ਖਹਿਰਾ)-ਪ੍ਰਗਤੀਸ਼ੀਲ ਮੰਚ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਚੇਤਨਾ ਮਾਰਚ ਕੱਢਿਆ ਗਿਆ। ਇਸ ਮੌਕੇ ਮੰਚ ਦੇ ਸੂਬਾਈ ਪ੍ਰਧਾਨ ਬਲਕਰਨ ਮੋਗਾ, ਸੂਬਾਈ ਆਗੂ ਨਵਜੋਤ ਸਿੰਘ ਜੋਗੇਵਾਲਾ, ਅਮਨਦੀਪ ਸਿੰਘ ਸਿੰਘਾਵਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਸਿੰਘ ਦਾ ਨਾਮ ਵਰਤ ਕੇ ਸੱਤਾ ਸੰਭਾਲਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸ਼ਹੀਦ ਭਗਤ ਸਿੰਘ ਦੀ ਸੋਚ ਦੇ ਵਿਰੁੱਧ ਭੁਗਤ ਰਹੀ ਹੈ। ਇਹ ਪੰਜਾਬ ਦੇ ਲੋਕਾਂ ਨਾਲ ਹੀ ਨਹੀਂ ਬਲਕਿ ਉਨ੍ਹਾਂ ਸੂਰਮਿਆਂ ਨਾਲ ਵੀ ਧੋਖਾ ਹੈ, ਜਿਨ੍ਹਾਂ ਦੇਸ਼ ਦੀ ਅਜ਼ਾਦੀ ਲਈ ਹੱਸ-ਹੱਸ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਵਾਅਦੇ ਕੀਤੇ ਗਏ ਸਨ ਕਿ ਸਭ ਲਈ ਸਿਹਤ, ਵਿੱਦਿਆ, ਰੁਜ਼ਗਾਰ ਦੀ ਗਰੰਟੀ ਦੇ ਨਾਲ ਨਸ਼ਾ ਤੇ ਗੁੰਡਾਗਰਦੀ ਖਤਮ ਕੀਤੀ ਜਾਵੇਗੀ, ਪਰ ਅਸਲ ਵਿੱਚ ਸਿਹਤ ਵਿੱਦਿਆ ਵਰਗੀਆਂ ਬੁਨਿਆਦੀ ਸਹੂਲਤਾ ਨੂੰ ਵਪਾਰਕ ਵਸਤੂਆਂ ਵਿੱਚ ਤਬਦੀਲ ਕਰ ਦਿੱਤਾ ਹੈ। ਜਵਾਨੀ, ਨਸ਼ੇ ਤੇ ਗੁੰਡਾਗਰਦੀ ਦੀ ਭੇਟ ਚੜ੍ਹਾਈ ਜਾ ਰਹੀ ਹੈ। ਸਰਕਾਰ ਤੇ ਪ੍ਰਸ਼ਾਸਨ ਮੂਕ ਦਰਸ਼ਨ ਹਨ। ਬੇਬਾਕੀ ਨਾਲ ਲੋਕਾਂ ਦੀ ਅਵਾਜ਼ ਬਣਨ ਵਾਲੇ ਮਾਲਵਿੰਦਰ ਸਿੰਘ ਮਾਲੀ ਵਰਗੇ ਜੇਲ੍ਹਾਂ ਵਿੱਚ ਡੱਕ ਦਿੱਤੇ ਜਾਂਦੇ ਹਨ। ਪੰਜਾਬ ਦੇ ਇਤਿਹਾਸ ਦੀ ਪਹਿਲੀ ਅਜਿਹੀ ਸਰਕਾਰ ਹੈ, ਜਿਸ ਵਿੱਚ ਸਹਿਣਸ਼ੀਲਤਾ ਨਾਮ ਦੀ ਕੋਈ ਚੀਜ਼ ਹੀ ਨਹੀਂ। ਲੋਕ ਘਰਾਂ ਵਿੱਚ ਬੈਠੇ ਵੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਅਜਿਹੇ ਹਾਲਤਾਂ ਵਿੱਚ ਹਰ ਇਕ ਲਈ ਸਿਹਤ, ਵਿੱਦਿਆ ਰੁਜ਼ਗਾਰ ਤੇ ਵਾਤਾਵਰਣ ਦੀ ਸਾਂਭ ਸੰਭਾਲ ਲਈ ਪ੍ਰਗਤੀਸ਼ੀਲ ਵਿਚਾਰਾਂ ਤਹਿਤ ਇਕ ਮੰਚ 'ਤੇ ਇਕੱਠੇ ਹੋਣ ਦੀ ਲੋੜ ਹੈ। ਅਸਲ ਵਿੱਚ ਲੋਕਾਂ ਦੀ ਜਥੇਬੰਦਕ ਏਕਤਾ ਹੀ ਨਸ਼ਾ ਤੇ ਗੁੰਡਾਗਰਦੀ ਨੂੰ ਨਕੇਲ ਪਾ ਸਕਦੀ ਹੈ। ਇਸ ਮੌਕੇ ਸੰਬੋਧਨ ਕਰਨ ਵਾਲੇ ਆਗੂਆਂ ਵਿੱਚ ਜਗਜੀਤ ਸਿੰਘ ਭੁੱਲਰ, ਬਲਵੰਤ ਸਿੰਘ ਮੋਗਾ, ਹਰਮਨਦੀਪ ਹਿੰਮਤਪੁਰਾ, ਲਾਡੀ ਝੰਡੇਵਾਲਾ, ਸੋਨੂੰ ਐਮ ਕੇ, ਗੁਰਸ਼ਰਨ ਸਿੰਘ, ਸੰਦੀਪ ਸਿੰਘ, ਏਕਮ ਸਿੰਘ, ਅਨਮੋਲ ਸਿੰਘ, ਰਾਜਿਦਰ ਮੋਗਾ, ਗੁਰਪ੍ਰੀਤ ਸਿੰਘ ਗੋਪੀ, ਜੋਤੀ, ਜਸ਼ਨ, ਸੁਖਬੀਰ ਸਿੰਘ, ਗੋਲਡੀ ਹਾਜ਼ਰ ਸਨ।

ਇੰਮੀਗ੍ਰੇਸ਼ਨ ਪੀੜਤ ਪਰਵਾਰਾਂ ਦੇ ਹੱਕ 'ਚ ਬੀ ਕੇ ਯੂ ਤੋਤੇਵਾਲ ਵੱਲੋਂ ਚੰਡੀਗੜ੍ਹ 'ਚ ਰੋਸ ਪ੍ਰਦਰਸ਼ਨ

ਮੋਗਾ (ਇਕਬਾਲ ਸਿੰਘ ਖਹਿਰਾ)

ਬੀਤੇ ਦੋ ਸਾਲਾਂ ਤੋਂ ਆਪਣੇ ਫਸੇ ਹੋਏ ਕਰੋੜਾਂ ਰੁਪਏ ਲੈਣ ਲਈ ਪੰਜਾਬ ਹਰਿਆਣਾ ਤੇ ਰਾਜਸਥਾਨ ਦੇ ਇੰਮੀਗ੍ਰੇਸ਼ਨ ਪੀੜਤ ਲੋਕ ਪੰਜਾਬ ਤੇ ਚੰਡੀਗੜ੍ਹ ਪੁਲਸ ਦੇ ਤਰਲੇ ਕਰ ਰਹੇ ਸਨ, ਬੇਸ਼ੱਕ ਯੈਲੋਲੀਫ ਇੰਮੀਗ੍ਰੇਸ਼ਨ ਦੇ ਮਾਲਕ ਕੁਲਬੀਰ ਕੌੜਾ ਤੇ ਪਤਨੀ ਗੀਤ ਕੌੜਾ ਭਤੀਜਾ ਨਿਸ਼ਾਨ ਕੌੜਾ ਵੱਲੋਂ ਕਈ ਹੋਰ ਇੰਮੀਗ੍ਰੇਸ਼ਨ ਦਾ ਵੀਜ਼ਾ ਲੈਂਡ, ਵਾਸਤ ਇੰਮੀਗ੍ਰੇਸ਼ਨ, ਸਰਦਾਰ ਜੀ ਕੰਸਲਟੈਂਟ, ਮੂਵ ਟੂ ਅਬਰੌਡ ਤੇ ਹੀਰਾ ਕੰਸਲਟੈਂਟ ਦੇ ਨਾਂ 'ਤੇ ਚੰਡੀਗੜ੍ਹ ਮੋਹਾਲੀ ਵਿੱਚ ਵੱਖ ਵੱਖ ਥਾਵਾਂ 'ਤੇ ਦਫਤਰ ਖੋਲ੍ਹ ਕੇ ਤਕਰੀਬਨ 1500 ਲੋਕਾਂ ਤੋਂ 600 ਕਰੋੜ ਰੁਪੈ ਠੱਗੇ ਹਨ, ਪਰ ਪ੍ਰਸ਼ਾਸਨ ਇਨ੍ਹਾਂ ਕੰਪਨੀਆਂ ਦੇ ਮਾਲਕ ਕੁਲਬੀਰ ਕੌੜਾ ਪਤਨੀ ਗੀਤ ਕੌੜਾ ਤੇ ਇਨ੍ਹਾਂ ਦੇ ਭਤੀਜੇ ਨਿਸ਼ਾਨ ਕੌੜਾ ਨੂੰ ਫੜਨ ਵਿੱਚ ਅਸਫਲ ਰਹੀ। ਇਸ ਬਾਰੇ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਨੇ ਦੱਸਿਆ ਕੇ 350 ਦੇ ਕਰੀਬ ਪੀੜਤ ਉਨ੍ਹਾਂ ਨਾਲ ਰਾਬਤਾ ਕਰ ਚੁੱਕੇ ਸਨ, ਜਿਨ੍ਹਾਂ ਦੇ 35 ਕਰੋੜ ਰੁਪੈ ਕੁਲਬੀਰ ਕੌੜਾ ਤੇ ਗੀਤ ਕੌੜਾ ਨੇ ਕੈਨੇਡਾ ਪੀ ਆਰ ਤੇ ਵਰਕ ਪਰਮਿਟ ਦੇ ਨਾਂ 'ਤੇ ਲਏ ਸਨ ਅਤੇ ਤਕਰੀਬਨ ਡੇਢ ਸਾਲ ਬੀਤ ਜਾਣ 'ਤੇ ਵੀ ਕਿਸੇ ਦਾ ਕੋਈ ਹੱਲ ਨਹੀਂ ਹੋਇਆ ਤਾਂ ਪੀੜਤ ਪਰਵਾਰਾਂ ਤੇ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਵੱਲੋਂ ਮੋਹਾਲੀ ਤੇ ਚੰਡੀਗੜ੍ਹ ਦੀਆਂ ਸੜਕਾਂ 'ਤੇ ਨਾਅਰੇਬਾਜ਼ੀ ਕਰਕੇ ਪ੍ਰਦਰਸ਼ਨ ਕੀਤਾ ਗਿਆ ਅਤੇ ਚੰਡੀਗੜ੍ਹ ਪੁਲਸ ਵੱਲੋਂ ਵੱਡੇ ਪੱਧਰ 'ਤੇ ਬੈਰੀਗੇਟਿੰਗ ਕਰਕੇ ਪ੍ਰਦਰਸ਼ਨਕਾਰੀਆਂ ਨੂੰ ਰੋਕਿਆ ਗਿਆ।

ਇਸ ਮੌਕੇ ਐੱਸ ਐੱਸ ਪੀ ਮੋਹਾਲੀ, ਡੀ ਐੱਸ ਪੀ ਡੀ ਮੋਹਾਲੀ, ਡੀ ਐੱਸ ਪੀ ਤਲਵਿੰਦਰ ਸਿੰਘ ਗਿੱਲ, ਇੰਸਪੈਕਟਰ ਰਾਜੀਵ ਕੁਮਾਰ ਨੇ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ 15 ਦਿਨਾਂ ਦੇ ਵਿੱਚ-ਵਿੱਚ ਮਸਲੇ ਦਾ ਹੱਲ ਕੱਢਵਾ ਕੇ ਦਿੱਤਾ ਜਾਵੇਗਾ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਿਹਤਯਾਬ ਹੋਣ ਤੋਂ ਬਾਅਦ ਜਲਦ ਉਨ੍ਹਾਂ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਵੀ ਦਿਵਾਇਆ। ਇਸ ਮੌਕੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ, ਮਲਕੀਤ ਸਿੰਘ ਸ਼ਾਹਕੋਟ ਤੇ ਸੁੱਖਦੇਵ ਸਿੰਘ ਹੁਸ਼ਿਆਰਪੁਰ, ਡਾ. ਅਭੀਸ਼ੇਕ, ਜਸਪ੍ਰੀਤ ਮੋਹਾਲੀ, ਰਾਜਪਾਲ ਕੌਰ ਵਿਰਕ, ਅਜੀਤ ਸਿੰਘ ਫਿਰੋਜ਼ਪੁਰ, ਰਾਜਿੰਦਰ ਸਿੰਘ ਬਾਘਾ ਪੁਰਾਣਾ, ਹਰਜਿੰਦਰ ਸਿੰਘ ਪਟਿਆਲਾ, ਕੁਲਦੀਪ ਸਿੰਘ ਬਟਾਲਾ, ਸਤਿੰਦਰ ਸਿੰਘ ਮਾਂਗਟ ਖਰੜ, ਗਗਨਦੀਪ ਸਿੰਘ ਖਰੜ, ਜਸਪ੍ਰੀਤ ਸਿੰਘ ਰਾੜਾ ਸਾਹਿਬ, ਕੁਲਵਿੰਦਰ ਸਿੰਘ ਰਾੜਾ ਸਾਹਿਬ, ਦਲਜੀਤ ਸਿੰਘ ਮਖੂ, ਮਨਜੀਤ ਸਿੰਘ ਫਿਰੋਜ਼ਪੁਰ, ਮਾਸਟਰ ਨਰੇਸ਼ ਭੋਗਪੁਰ, ਦੀਪਕ ਠਾਕੁਰ ਜਲੰਧਰ, ਗੁਰਵਿੰਦਰ ਸਿੰਘ, ਕਮਲਜੀਤ ਸਿੰਘ ਪਟਿਆਲਾ, ਰਾਹੁਲ ਜੈਨ ਜੀਰਕਪੁਰ, ਮਨਿੰਦਰ ਬਟਾਲਾ, ਓਮ ਪ੍ਰਕਾਸ਼ ਫਿਰੋਜਪੁਰ, ਮਨਜੀਤ ਸਿੰਘ ਫਰੀਦਕੋਟ, ਸਪ੍ਰੀਤ ਸਿੰਘ ਰਾੜਾ ਸਾਹਿਬ ਆਦਿ ਹਾਜ਼ਰ ਸਨ।

ਕਾਤਰਾਂ

ਦਸਤਾਰ ਮੁਕਾਬਲਾ 2 ਨੂੰ

ਦੋਰਾਹਾ (ਹਰਮਿੰਦਰ ਸੇਠ)-ਦੋਰਾਹਾ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਥ ਆਗੂ ਮਨਜੋਤ ਸਿੰਘ ਮਾਨ, ਵਨੀਤ ਆਸ਼ਟ ਸੁਹਾਗ ਜਵੈਲਰਜ਼, ਕੌਂਸਲਰ ਨਵਜੀਤ ਸਿੰਘ ਨੈਬ ਤੇ ਤਰੁਣ ਆਨੰਦ ਨੇ ਕਿਹਾ ਕਿ ਪਹਿਲਾ ਦਸਤਾਰ ਮੁਕਾਬਲਾ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 2 ਅਕਤੂਬਰ ਨੂੰ ਗੁਰਦੁਆਰਾ ਕਲਗੀਧਰ ਸਾਹਿਬ ਰੇਲਵੇ ਰੋਡ ਦੋਰਾਹਾ ਵਿਖੇ ਸਵੇਰੇ 9 ਵਜੇ ਤੋਂ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਦਸਤਾਰ ਮੁਕਾਬਲੇ ਵਿੱਚ 0 ਤੋਂ 14 ਸਾਲ ਤੇ 15 ਤੋਂ 18 ਸਾਲ ਵਾਲੇ ਬੱਚੇ ਭਾਗ ਲੈਣਗੇ।ਇਸ ਮੌਕੇ ਪਰਮਿੰਦਰ ਸਿੰਘ ਤੇ ਸੰਦੀਪ ਸਿੰਘ ਜੱਜ ਦੀ ਭੂਮਿਕਾ ਨਿਭਾਉਗੇ।ਇਸ ਮੌਕੇ ਜੇਤੂ ਬੱਚਿਆਂ ਨੂੰ ਟਰਾਫੀ, ਮੈਡਲ ਤੇ ਨਕਦ ਇਨਾਮ ਨਾਲ ਸਨਮਾਨਤ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਵੱਧ ਤੋਂ ਵੱਧ ਬੱਚਿਆਂ ਨੂੰ ਇਸ ਦਸਤਾਰ ਮੁਕਾਬਲੇ ਵਿੱਚ ਭਾਗ ਲੈਣ ਦੀ ਅਪੀਲ ਕੀਤੀ।

ਦੁਕਾਨਦਾਰ ਦੀ ਮੌਤ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਕਸਬਾ ਮਹਿਲ ਕਲਾਂ (ਬਰਨਾਲਾ) ਵਿਖੇ ਛੀਨੀਵਾਲ ਕਲਾਂ ਰੋਡ ਬਾਜ਼ਾਰ ਵਿੱਚ ਚੁੰਨੀਆਂ ਰੰਗਣ ਦਾ ਰੁਜ਼ਗਾਰ ਚਲਾ ਕੇ ਆਪਣਾ ਪਰਿਵਾਰ ਪਾਲ ਰਹੇ ਬਿੰਦਰ ਸਿੰਘ ਖਿਆਲੀ (35) ਅਚਾਨਕ ਸਦੀਵੀ ਵਿਛੋੜਾ ਦੇ ਗਿਆ।ਅੱਜ ਸਸਕਾਰ ਸਮੇਂ ਦੁਕਾਨਦਾਰ ਯੂਨੀਅਨ ਦੇ ਆਗੂਆਂ, ਸਮੂਹ ਦੁਕਾਨਦਾਰਾਂ ਨੇ ਵਿੱਛੜੇ ਸਾਥੀ ਨੂੰ ਹੰਝੂਆਂ ਭਰੀ ਅੰਤਿਮ ਵਿਦਾਇਗੀ ਦਿੱਤੀ।

ਦਾਰਾ ਸਿੰਘ ਵਾਲਮੀਕੀ ਸਰਬਸੰਮਤੀ ਨਾਲ ਸਰਪੰਚ ਚੁਣੇ

ਮੂਨਕ (ਰਾਜਪਾਲ ਸਿੰਗਲਾ)-ਪੰਜਾਬ ਅੰਦਰ ਪੰਚਾਇਤੀ ਚੋਣਾਂ ਦਾ ਦੌਰ ਚੱਲ ਰਿਹਾ ਹੈ। ਇਸੇ ਦੇ ਚਲਦਿਆਂ ਸੂਬਾ ਸਰਕਾਰ ਨੇ ਪਿੰਡਾਂ ਦੇ ਸਰਪੰਚਾਂ ਨੂੰ ਸਰਬਸੰਮਤੀ ਨਾਲ ਸਰਪੰਚ ਬਣਨ 'ਤੇ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦੇਣ ਦਾ ਐਲਾਨ ਕੀਤਾ ਸੀ, ਜਿਸ ਨੂੰ ਲੈ ਕੇ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਤਰੱਕੀ ਹੋਵੇਗੀ।ਇਸੇ ਕੜੀ ਤਹਿਤ ਮੂਨਕ ਦੇ ਨਜ਼ਦੀਕੀ ਪਿੰਡ ਬੰਗਾਂ ਦੇ ਵਿੱਚ ਲੋਕਾਂ ਦੇ ਵੱਲੋਂ ਸਰਬਸੰਮਤੀ ਦੇ ਨਾਲ ਦਾਰਾ ਸਿੰਘ ਵਾਲਮੀਕੀ ਨੂੰ ਸਰਪੰਚ ਚੁਣ ਲਿਆ ਗਿਆ ਹੈ, ਜਿੱਥੇ ਬਿਨਾਂ ਵੋਟਾਂ ਤੋਂ ਸਰਬਸੰਮਤੀ ਕੀਤੀ ਗਈ ਹੈ, ਉੱਥੇ ਹੀ ਹੁਣ ਉਨ੍ਹਾਂ ਨੂੰ ਵਧਾਈ ਦੇਣ ਵਾਲਿਆਂ ਦਾ ਬੋਲਬਾਲਾ ਦੇਖਣ ਨੂੰ ਮਿਲ ਰਿਹਾ ਹੈ, ਕਿਉਂਕਿ ਚੋਣਾਂ ਦੌਰਾਨ ਕਈ ਤਰ੍ਹਾਂ ਦੇ ਖਰਚੇ ਬਣੇ ਰਹਿੰਦੇ ਹਨ, ਜਿਸ ਵਿੱਚ ਪ੍ਰਸ਼ਾਸਨ ਨੂੰ ਵੀ ਕਾਫੀ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਂਦੀਆਂ ਹਨ, ਪਰ ਜੇਕਰ ਇਸ ਤਰ੍ਹਾਂ ਦੇ ਸਰਬਸੰਮਤੀ ਨਾਲ ਪਿੰਡਾਂ ਦੇ ਵਿੱਚ ਸਰਪੰਚ ਚੁਣੇ ਜਾਣ ਤਾਂ ਪਿੰਡਾਂ ਦੇ ਵਿੱਚ ਪਹਿਲਾ ਵਾਂਗ ਮੋਹ ਪਿਆਰ ਤੇ ਭਾਈਚਾਰਕ ਸਾਂਝ ਜ਼ਰੂਰ ਦੇਖਣ ਨੂੰ ਮਿਲੇਗੀ।ਇਸ ਮੌਕੇ ਉਨ੍ਹਾਂ ਨਾਲ ਮੁਬਾਰਕਬਾਦ ਦੇਣ ਵਾਲੇ ਸੁਰੇਸ਼ ਰਾਠੀ ਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ।

ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਪਲੇਠਾ ਕਵੀ ਦਰਬਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦ

30 Sept - Page - 6.qxd 9/29/2024 9:31 PM Page 1

ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਪ੍ਰਤੀਨਿਧ ਮੰਡਲ ਐਸ ਐਮ ਓ ਨੂੰ ਮਿਲਿਆ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)- ਭਾਰਤੀਯ ਵਿਕਲਾਂਗ ਕਲੱਬ ਪੰਜਾਬ (ਰਜਿ.) ਦਾ ਇੱਕ ਪ੍ਰਤੀਨਿਧ ਮੰਡਲ ਜਰਨੈਲ ਸਿੰਘ ਧੀਰ ਸਟੇਟ ਐਵਾਰਡੀ, ਮੈਂਬਰ ਐਲ.ਐਲ.ਸੀ. ਹੁਸ਼ਿਆਰਪੁਰ 'ਦੀ ਨੈਸ਼ਨਲ ਟਰੱਸਟ (ਭਾਰਤ ਸਰਕਾਰ ਦਾ ਅਦਾਰਾ) ਮਨਿਸਟਰੀ ਆੱਫ ਸੋਸ਼ਲ ਜਸਟਿਸ ਐਂਡ ਇੰਪਾਵਰਮੈਂਟ (ਡਿਪਾਰਟਮੈਂਟ ਆਫ ਡਿਸਏਬਿਲਟੀ ਅਫੇਅਰਜ਼) ਦੀ ਅਗਵਾਈ ਵਿੱਚ ਡਾ. ਕੁਲਦੀਪ ਸਿੰਘ ਐਸ.ਐਮ.ਓ. ਸਿਵਲ ਹਸਪਤਾਲ ਹੁਸ਼ਿਆਰਪੁਰ ਅਤੇ ਦਿਵਆਂਗਜਨਾਂ/ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਮਿਲਿਆ। ਕਲੱਬ ਦੇ ਬੁਲਾਰੇ ਮਨਜੀਤ ਸਿੰਘ ਲੱਕੀ ਨੇ ਦੱਸਿਆ ਕਿ ਪ੍ਰਤੀਨਿਧੀ ਮੰਡਲ ਨੇ ਐਸ.ਐਮ.ਓ. ਸਾਹਿਬ ਦੇ ਧਿਆਨ ਲਿਆਂਦਾ ਕਿ ਦਿਵਆਂਗਜਨਾਂ ਨੂੰ ਡਿਜੀਟਲ ਡਿਸਏਬਿਲਟੀ ਸਰਟੀਫਿਕੇਟ ਬਣਾਉਣ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਡਿਜੀਟਲ ਸਰਟੀਫਿਕੇਟ ਸਿਵਲ ਹਸਪਤਾਲ ਦੇ ਅੰਦਰੋਂ ਹੀ ਜਾਰੀ ਕੀਤਾ ਜਾਵੇ। ਉਹਨਾਂ ਹੋਰ ਦੱਸਿਆ ਕਿ ਪ੍ਰਤੀਨਿਧੀ ਮੰਡਲ ਨੇ ਸਿਵਲ ਸਰਜਨ ਹੁਸ਼ਿਆਰਪੁਰ ਅਤੇ ਸਿਵਲ ਹਸਪਤਾਲ ਦੇ ਉੱਚ ਅਧਿਕਾਰੀਆਂ ਦਾ ਦਿਵਆਂਗਜਨਾਂ ਪ੍ਰਤੀ ਚੰਗੇ ਵਰਤਾਓ ਲਈ ਧੰਨਵਾਦ ਕੀਤਾ।ਡਾ. ਕੁਲਦੀਪ ਸਿੰਘ ਐਸ.ਐਮ.ਓ. ਸਿਵਲ ਹਸਪਤਾਲ ਹੁਸ਼ਿਆਰਪੁਰ ਨੇ ਕਿਹਾ ਕਿ ਡਿਜੀਟਲ ਸਰਟੀਫਿਕੇਟ ਸਬੰਧੀ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਜਲਦੀ ਹੀ ਦੂਰ ਕੀਤਾ ਜਾਵੇਗਾ। ਇਸ ਮੌਕੇ ਪ੍ਰਤੀਨਿਧ ਮੰਡਲ ਨੇ ਡਾ. ਕੁਲਦੀਪ ਸਿੰਘ ਨੂੰ ਲੋਈ ਅਤੇ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਕੁਲਦੀਪ ਸਿੰਘ ਪੱਤੀ ਸੀਨੀਅਰ ਮੀਤ ਪ੍ਰਧਾਨ ਪੰਜਾਬ, ਸਾਬਕਾ ਮੈਂਬਰ ਐਲ.ਐਲ.ਸੀ. ਹੁਸ਼ਿਆਰਪੁਰ ਨਰੇਸ਼ ਕੁਮਾਰ ਹਾਂਡਾ, ਕਲੱਬ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ, ਲੇਡੀ ਵਿੰਗ ਦੀ ਇੰਚਾਰਜ ਸੋਨੀਆ ਹਾਂਡਾ, ਸਾਬਕਾ ਪ੍ਰਿੰਸੀਪਲ ਜਮਨਾਦਾਸ, ਮਧੂ ਸ਼ਰਮਾ, ਬਲਵਿੰਦਰ ਕੌਰ ਸੈਣੀ, ਕੁਲਵਿੰਦਰ ਕੌਰ ਤੂਰ, ਕੁਲਵੰਤ ਸਿੰਘ ਢੱਕੋਵਾਲ, ਸੁਰਿੰਦਰ ਕੁਮਾਰ ਰਹੀਮਪੁਰ, ਸੁਰਿੰਦਰ ਸਿੰਘ ਨੰਬਰਦਾਰ ਆਦਿ ਹਾਜ਼ਰ ਸਨ

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨੂੰ ਜਨਮ ਦਿਨ 'ਤੇ ਸ਼ਰਧਾਂਜਲੀ ਭੇਟ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)-ਜ਼ਿਲ੍ਹਾ ਯੋਜਨਾ ਕਮੇਟੀ ਹੁਸ਼ਿਆਰਪੁਰ ਦੀ ਚੇਅਰਪਰਸਨ ਕਰਮਜੀਤ ਕੌਰ ਅਤੇ ਪੱਛੜੀ ਸ਼੍ਰੇਣੀ ਭੂਮੀ ਵਿਕਾਸ ਅਤੇ ਵਿੱਤ ਨਿਗਮ (ਬੈਕਫਿਕੋ) ਦੇ ਚੇਅਰਮੈਨ ਸੰਦੀਪ ਸੈਣੀ ਨੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਨ ਮੌਕੇ ਸ਼ਹੀਦ ਭਗਤ ਸਿੰਘ ਚੌਕ ਹੁਸ਼ਿਆਰਪੁਰ ਵਿਖੇ ਉਨ੍ਹਾਂ ਦੇ ਬੁੱਤ 'ਤੇ ਫੁੱਲਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸੈਂਕੜੇ ਨਾਗਰਿਕ, ਸਥਾਨਕ ਆਗੂ ਅਤੇ ਪਤਵੰਤੇ ਵੀ ਹਾਜ਼ਰ ਸਨ।ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਭਗਤ ਸਿੰਘ ਦੀ ਕੁਰਬਾਨੀ ਅਤੇ ਦੇਸ਼ ਪ੍ਰਤੀ ਉਨ੍ਹਾਂ ਦੇ ਸਮਰਪਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਸ: ਭਗਤ ਸਿੰਘ ਦੇ ਦਰਸਾਏ ਮਾਰਗ 'ਤੇ ਚੱਲ ਕੇ ਦੇਸ਼ ਦੀ ਉਸਾਰੀ ਵਿੱਚ ਯੋਗਦਾਨ ਪਾਉਣ।ਪੱਛੜੀਆਂ ਸ਼੍ਰੇਣੀਆਂ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿਕੋ) ਦੇ ਚੇਅਰਮੈਨ ਸੰਦੀਪ ਸੈਣੀ ਨੇ ਕਿਹਾ ਕਿ ਸ: ਭਗਤ ਸਿੰਘ ਨਾ ਸਿਰਫ਼ ਆਜ਼ਾਦੀ ਸੰਗਰਾਮ ਦੇ ਮਹਾਨ ਯੋਧੇ ਸਨ, ਸਗੋਂ ਉਹ ਬਰਾਬਰੀ, ਨਿਆਂ ਅਤੇ ਆਜ਼ਾਦੀ ਦੇ ਆਦਰਸ਼ਾਂ ਦੇ ਮਜ਼ਬੂਤ ਸਮਰਥਕ ਵੀ ਸਨ। ਸ਼ਰਧਾਂਜਲੀ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਸਾਰਿਆਂ ਨੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਦਾ ਪ੍ਰਣ ਕੀਤਾ। ਇਸ ਮੌਕੇ ਮਨਜੋਤ ਕੌਰ, ਜਸਵੀਰ ਸਿੰਘ ਪਰਮਾਰ, ਅਜੇ ਵਰਮਾ, ਜਸਪਾਲ ਚੇਚੀ, ਹੈਪੀ ਕਲੋਰ, ਹਰਮਿੰਦਰ ਸਿੰਘ, ਖੁਸ਼ੀ ਰਾਮ, ਜੈ ਰਾਮ, ਕਰਨ ਬੈਂਸ, ਰਚਨਾ, ਸੰਵਿਤਾ ਲੱਕੀ ਸੂਦ, ਪ੍ਰਯਾਗ ਰਾਜ, ਦਵਿੰਦਰ ਕੁਮਾਰ, ਕੁਲਦੀਪ ਸੰਘਾ, ਮੋਹਨ ਲਾਲ, ਅਮਿਤ ਨੇਗੀ, ਰਣਜੀਤ ਸਹੋਤਾ, ਹਰਿੰਦਰ ਕੁਮਾਰ ਸੈਣੀ, ਪੂਰਨ ਸਿੰਘ ਆਦਿ ਹਾਜ਼ਰ ਸਨ।

ਚੋਣਾਂ ਦੇ ਮੱਦੇਨਜ਼ਰ ਆਬਕਾਰੀ ਵਿਭਾਗ ਨੇ ਚਲਾਇਆ ਸਰਚ ਅਭਿਆਨ

ਜਲੰਧਰ, : (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)- ਚੋਣਾਂ ਦੇ ਮੱਦੇਨਜ਼ਰ ਆਬਕਾਰੀ ਵਿਭਾਗ ਵੱਲੋਂ ਇਕ ਵੱਡੀ ਕਾਰਵਾਈ ਕਰਦਿਆਂ ਅੱਜ ਸਵੇਰੇ ਸਤਲੁਜ ਦਰਿਆ ਦੇ ਕੰਢੇ 'ਤੇ ਪੈਂਦੇ ਪਿੰਡਾਂ ਭੋਡੇ, ਸੰਗੋਵਾਲ, ਬੁਰਜ ਧਗਾੜਾ, ਮਾਓ ਸਾਹਿਬ, ਵੇਹਰਾਂ, ਕੈਮਵਾਲਾ, ਬੂਟੇ ਦੀਆਂ ਛੰਨਾਂ, ਰਾਮਪੁਰ ਅਤੇ ਬਾਓਪੁਰ ਆਦਿ ਪਿੰਡਾਂ ਵਿੱਚ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਅਭਿਆਨ ਦੌਰਾਨ ਕੁੱਲ 25520 ਲੀਟਰ ਲਾਹਣ, 430 ਬੋਤਲਾਂ ਨਾਜਾਇਜ਼ ਸ਼ਰਾਬ, 10 ਲੋਹੇ ਦੇ ਡਰੰਮ ਅਤੇ ਐਲੂਮੀਨੀਅਮ ਦੇ ਭਾਂਡੇ ਬਰਾਮਦ ਕਰਕੇ ਮੌਕੇ 'ਤੇ ਹੀ ਨਸ਼ਟ ਕੀਤੇ ਗਏ।ਸਰਚ ਅਭਿਆਨ ਦੀ ਅਗਵਾਈ ਕਰ ਰਹੇ ਸਹਾਇਕ ਕਮਿਸ਼ਨਰ (ਆਬਕਾਰੀ) ਜਲੰਧਰ ਵੈਸਟ ਰੇਂਜ ਨਵਜੀਤ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ (ਆਬਕਾਰੀ) ਜਲੰਧਰ ਜ਼ੋਨ ਜਲੰਧਰ ਦੀ ਨਿਗਰਾਨੀ ਹੇਠ ਸਵੇਰੇ 7 ਵਜੇ ਸਰਚ ਅਭਿਆਨ ਸ਼ੁਰੂ ਕੀਤਾ ਗਿਆ, ਜੋ ਦੁਪਹਿਰ 12 ਵਜੇ ਸਮਾਪਤ ਹੋਇਆ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਸਤਲੁਜ ਦਰਿਆ ਦੇ ਕਿਨਾਰੇ 30-35 ਕਿਲੋਮੀਟਰ ਤੱਕ ਤਲਾਸ਼ੀ ਲਈ ਗਈ।ਉਨ੍ਹਾਂ ਦੱਸਿਆ ਕਿ ਕੁੱਲ 25520 ਲੀਟਰ ਲਾਹਣ, 430 ਬੋਤਲਾਂ ਨਜਾਇਜ਼ ਸ਼ਰਾਬ, 10 ਲੋਹੇ ਦੇ ਡਰੰਮ ਅਤੇ ਐਲੂਮੀਨੀਅਮ ਦੇ ਭਾਂਡੇ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚ 4 ਚਾਲੂ ਭੱਠੀਆਂ ਸਮੇਤ 8 ਡਰੰਮ ਲਾਹਣ ਬਰਾਮਦ ਕੀਤੇ ਗਏ। ਹਰੇਕ ਡਰੰਮ ਵਿੱਚ ਕਰੀਬ 40 ਲੀਟਰ ਲਾਹਣ ਸੀ, ਜਿਸ ਸਦਕਾ ਕੁੱਲ ਕਰੀਬ 320 ਲੀਟਰ ਲਾਹਣ ਫੜੀ ਗਈ। ਇਸ ਤੋਂ ਇਲਾਵਾ 42 ਪਲਾਸਟਿਕ ਦੇ ਤਿਰਪਾਲ ਫੜੇ ਗਏ, ਜਿਨ੍ਹਾਂ ਵਿੱਚ ਹਰੇਕ ਦੇ ਕਰੀਬ 600 ਲੀਟਰ ਦੇ ਹਿਸਾਬ ਨਾਲ ਕੁੱਲ 25200 ਲੀਟਰ ਲਾਹਣ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ 4 ਐਲੂਮੀਨੀਅਮ ਦੇ ਭਾਂਡੇ ਫੜੇ ਗਏ, ਜਿਨ੍ਹਾਂ ਵਿੱਚ ਲਗਭਗ 80 ਬੋਤਲਾਂ ਨਜਾਇਜ਼ ਸ਼ਰਾਬ ਸ਼ਾਮਲ ਸੀ। ਉਨ੍ਹਾਂ ਦੱਸਿਆ ਕਿ 2 ਰਬੜ ਦੀਆਂ ਟਿਊਬਾਂ ਫੜੀਆਂ ਗਈਆਂ, ਜਿਨ੍ਹਾਂ ਵਿਚ ਲਗਭਗ 350 ਬੋਤਲਾਂ ਨਜਾਇਜ਼ ਸ਼ਰਾਬ ਸ਼ਾਮਲ ਸੀ। ਨਵਜੀਤ ਸਿੰਘ ਨੇ ਦੱਸਿਆ ਕਿ ਰੇਡ ਪਾਰਟੀ ਨੂੰ ਦੂਰੋਂ ਆਉਂਦੇ ਦੇਖ ਮੌਕੇ 'ਤੇ ਮੌਜੂਦ ਵਿਅਕਤੀ ਫਰਾਰ ਹੋ ਗਏ। ਲਵਾਰਿਸ ਹੋਣ ਕਾਰਨ ਬਰਾਮਦ ਲਾਹਣ, ਨਜਾਇਜ਼ ਸ਼ਰਾਬ ਅਤੇ ਭਾਂਡਿਆਂ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਨਾਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਸਰਚ ਟੀਮ ਵਿੱਚ ਆਬਕਾਰੀ ਅਫ਼ਸਰ ਸੁਨੀਲ ਗੁਪਤਾ, ਸਰਵਣ ਸਿੰਘ, ਜਸਪਾਲ ਸਿੰਘ, ਅਨਿਲ ਕੁਮਾਰ, ਸਾਹਿਲ ਰੰਗਾ ਆਬਕਾਰੀ ਇੰਸਪੈਕਟਰ ਸਮੇਤ ਆਬਕਾਰੀ ਪੁਲਸ ਸਟਾਫ਼ ਸ਼ਾਮਲ ਸੀ।

ਸ਼ਹੀਦ ਭਗਤ ਸਿੰਘ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ : ਡਾ. ਇਸ਼ਾਂਕ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)- ਡਾ. ਇਸ਼ਾਂਕ ਚੱਬੇਵਾਲ ਨੇ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਵਸਨੀਕਾਂ ਨਾਲ ਮੁਲਾਕਾਤ ਕੀਤੀ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਚੱਬੇਵਾਲ ਵਿਖੇ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਪਿੰਡ ਵਿੱਚ ਪੰਚਾਇਤੀ ਚੋਣਾਂ ਸਰਬਸੰਮਤੀ ਨਾਲ ਹੁੰਦੀਆਂ ਹਨ ਤਾਂ ਇਹ ਵਿਕਾਸ ਵੱਲ ਇੱਕ ਸ਼ਲਾਘਾਯੋਗ ਕਦਮ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਪੰਚਾਇਤੀ ਚੋਣਾਂ ਕਰਵਾਉਣ ਦੀ ਲੋੜ ਹੈ ਤਾਂ ਸ਼ਾਂਤੀਪੂਰਵਕ ਚੋਣ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ ਜਾਵੇ, ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਸਰਪੰਚਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਜਾਵੇ ਤਾਂ ਜੋ ਪਿੰਡ ਦਾ ਸਰਵਪੱਖੀ ਵਿਕਾਸ ਹੋ ਸਕੇ। ਡਾ. ਇਸ਼ਾਂਕ ਚੱਬੇਵਾਲ ਨੇ ਕਿਹਾ ਕਿ ਚੱਬੇਵਾਲ ਇਲਾਕੇ ਵਿੱਚ ਕਈ ਵਿਕਾਸ ਪ੍ਰੋਜੈਕਟ ਚੱਲ ਰਹੇ ਹਨ, ਜਿਨ੍ਹਾਂ ਦਾ ਉਦੇਸ਼ ਪੇਂਡੂ ਖੇਤਰ ਦੇ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਹੈ। ਉਨ੍ਹਾਂ ਸੜਕਾਂ, ਜਲ ਸਪਲਾਈ, ਸੀਵਰੇਜ ਸਿਸਟਮ ਅਤੇ ਸਿਹਤ ਸੇਵਾਵਾਂ ਨੂੰ ਸੁਧਾਰਨ ਵਰਗੇ ਪ੍ਰਮੁੱਖ ਮੁੱਦਿਆਂ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਪੰਚਾਇਤਾਂ ਵਿੱਚ ਚੁਣੇ ਗਏ ਨੁਮਾਇੰਦੇ ਸਰਬਸੰਮਤੀ ਨਾਲ ਚੁਣੇ ਜਾਣ ਤਾਂ ਵਿਕਾਸ ਕਾਰਜ ਹੋਰ ਵੀ ਵਧੀਆ ਤਰੀਕੇ ਨਾਲ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਪਿੰਡ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਸਰਪੰਚ ਅਤੇ ਹੋਰ ਪੰਚਾਇਤ ਮੈਂਬਰ ਮਿਲ ਕੇ ਕੰਮ ਕਰਨ, ਤਾਂ ਜੋ ਹਰ ਪਿੰਡ ਵਾਸੀ ਨੂੰ ਸਰਕਾਰੀ ਸਕੀਮਾਂ ਅਤੇ ਪ੍ਰੋਜੈਕਟਾਂ ਦਾ ਲਾਭ ਮਿਲ ਸਕੇ। ਇਸ ਦੇ ਨਾਲ ਹੀ ਡਾ.ਇਸ਼ਾਂਕ ਨੇ ਸ਼ਹੀਦ ਭਗਤ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਯਾਦ ਕਰਦਿਆਂ ਕਿਹਾ ਕਿ ਸਾਨੂੰ ਉਨ੍ਹਾਂ ਦੇ ਵਿਚਾਰਾਂ ਅਤੇ ਆਦਰਸ਼ਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਡਾ.ਇਸ਼ਾਂਕ ਨੇ ਕਿਹਾ ਕਿ ਸਾਨੂੰ ਵੀ ਭਗਤ ਸਿੰਘ ਵਾਂਗ ਸਮਾਜ ਲਈ ਨਿਰਸਵਾਰਥ ਸੇਵਾ ਕਰਨ ਅਤੇ ਕੰਮ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ।ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਜੇਕਰ ਸਮੂਹ ਪਿੰਡ ਵਾਸੀ ਇਕੱਠੇ ਹੋ ਕੇ ਵਿਕਾਸ ਕਾਰਜਾਂ ਵਿੱਚ ਸਹਿਯੋਗ ਦੇਣ ਤਾਂ ਚੱਬੇਵਾਲ ਦਾ ਇਲਾਕਾ ਆਉਣ ਵਾਲੇ ਸਮੇਂ ਵਿੱਚ ਇੱਕ ਆਦਰਸ਼ ਪਿੰਡ ਵਜੋਂ ਉਭਰੇਗਾ।

ਗੁਰਚਰਨ ਰਾਮਪੁਰੀ ਕਵਿਤਾ ਪੁਰਸਕਾਰ ਅਰਤਿੰਦਰ ਸੰਧੂ ਨੂੰ ਦਿੱਤਾ ਜਾਵੇਗਾ

ਸਮਰਾਲਾ, (ਸੁਰਜੀਤ ਸਿੰਘ) ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਚੌਥਾ ਗੁਰਚਰਨ ਰਾਮਪੁਰੀ ਪੁਰਸਕਾਰ-2024 ਅਰਤਿੰਦਰ ਸੰਧੂ ਨੂੰ ਦਿੱਤਾ ਜਾਵੇਗਾ।ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਦੱਸਿਆ ਕਿ ਇਸ ਸਨਮਾਨ ਵਿੱਚ ਪੱਚੀ ਹਜ਼ਾਰ ਰੁਪਏ ਤੇ ਸਨਮਾਨ ਚਿੰਨ੍ਹ ਸ਼ਾਮਲ ਹੈ।ਸਭਾ ਦੇ ਜਨਰਲ ਸਕੱਤਰ ਬਲਵੰਤ ਮਾਂਗਟ ਨੇ ਦੱਸਿਆ ਕਿ 6 ਅਕਤੂਬਰ ਨੂੰ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਲਾਇਬ੍ਰੇਰੀ ਦੇ ਸੈਮੀਨਾਰ ਹਾਲ ਵਿੱਚ ਹੋ ਰਹੇ ਸਨਮਾਨ ਸਮਾਗਮ ਦੀ ਪ੍ਰਧਾਨਗੀ ਸਾਹਿਤ ਅਕਾਡਮੀ ਪੁਰਸਕਾਰ ਵਿਜੇਤਾ ਨਾਵਲਿਸਟ, ਚਿੰਤਕ ਤੇ ਸ਼ਾਇਰ ਡਾ. ਮਨਮੋਹਨ ਕਰਨਗੇ।ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਸਾਬਕਾ ਪ੍ਰੋਫ਼ੈਸਰ ਪੰਜਾਬ ਯੂਨੀਵਰਿਟੀ ਚੰਡੀਗੜ੍ਹ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ।ਗੁਰਦੀਪ ਕੌਰ ਜੀਵਨ ਸਾਥਣ ਕਹਾਣੀਕਾਰ ਸੁਖਜੀਤ ਵਿਸ਼ੇਸ਼ ਮਹਿਮਾਨ ਤੇ ਅਮਨ ਧੂਰੀ ਗੁਰਚਰਨ ਰਾਮਪੁਰੀ ਪਰਵਾਰ ਦੀ ਨੁਮਾਇੰਦਗੀ ਕਰਨਗੇ।ਸਭਾ ਦੇ ਸਰਪ੍ਰਸਤ ਸੁਰਿੰਦਰ ਰਾਮਪੁਰੀ ਨੇ ਦੱਸਿਆ ਕਿ ਅਰਤਿੰਦਰ ਸੰਧੂ ਦੇ ਪੰਦਰਾਂ ਕਾਵਿ-ਸੰਗ੍ਰਹਿ ਛਪ ਚੁੱਕੇ ਹਨ।ਇੱਕ ਕਾਵਿ-ਸੰਗ੍ਰਹਿ ਸ਼ਾਹਮੁਖੀ ਵਿੱਚ ਪ੍ਰਕਾਸ਼ਤ ਹੋਇਆ ਹੈ।ਇੱਕ ਵਾਰਤਕ ਪੁਸਤਕ, ਤਿੰਨ ਅਨੁਵਾਦ ਤੇ ਤਿੰਨ ਸੰਪਾਦਤ ਪੁਸਤਕਾਂ ਛਪ ਚੁੱਕੀਆਂ ਹਨ।ਅਰਤਿੰਦਰ ਸੰਧੂ ਸਾਲ 2012 ਤੋਂ ਤਿਮਾਹੀ ਮੈਗਜ਼ੀਨ 'ਏਕਮ' ਦੀ ਸੰਪਾਦਨਾ ਕਰ ਰਹੇ ਹਨ।ਸਭਾ ਦੇ ਮੀਤ ਪ੍ਰਧਾਨ ਅਮਰਿੰਦਰ ਸੋਹਲ ਨੇ ਦੱਸਿਆ ਕਿ ਇਸ ਸਮੇਂ ਹੋ ਰਹੇ ਕਵੀ ਦਰਬਾਰ ਵਿੱਚ ਹਾਜ਼ਰ ਕਵੀ ਆਪਣੀਆਂ ਕਵਿਤਾਵਾਂ ਸੁਣਾਉਣਗੇ।

ਐਨ ਪੀ ਐਸ ਮੁਲਾਜ਼ਮਾਂ ਨੇ ਕੈਬਨਿਟ ਮੰਤਰੀ ਰਵਜੋਤ ਦਾ ਕੀਤਾ ਘਿਰਾਓ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਅੱਜ ਕੈਬਨਿਟ ਮੰਤਰੀ ਡਾ. ਰਵਜੋਤ ਦਾ ਘਿਰਾਓ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਦੀ ਪ੍ਰਧਾਨਗੀ ਹੇਠ ਵੱਡੀ ਗਿਣਤੀ ਵਿੱਚ ਜ਼ਿਲ੍ਹੇ ਦੇ ਐਨ.ਪੀ.ਐਸ. ਮੁਲਾਜ਼ਮਾਂ ਨੇ ਭਾਗ ਲਿਆ।ਜ਼ਿਲ੍ਹਾ ਪੱਧਰੀ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਲਾਰਾ ਲਾਊ ਰਵੱਈਏ ਦਾ ਸਖਤ ਨੋਟਿਸ ਲੈਂਦਿਆਂ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਜ਼ਿਲ੍ਹਾ ਪੱਧਰੀ 29 ਸਤੰਬਰ ਨੂੰ ਡਾ ਰਵਜੋਤ ਦੇ ਘਰ ਅੱਗੇ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵ

30-SEP-PAGE-7.qxd 9/29/2024 9:03 PM Page 1

ਸ੍ਰੀ ਦੁਰਗਾ ਦਲ ਸੇਵਾ ਸੰਮਤੀ ਵੱਲੋਂ ਰਾਮਲੀਲ੍ਹਾ ਮੰਚਨ 2 ਤੋਂ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸ੍ਰੀ ਦੁਰਗਾ ਦਲ ਸੇਵਾ ਸੰਮਤੀ ਮੰਦਰ ਰਾਮਲੀਲ੍ਹਾ ਤੇ ਧਰਮਸ਼ਾਲਾ ਦੀ ਅਗਵਾਈ 'ਚ ਸ੍ਰੀ ਦੁਰਗਾ ਰਾਮਾ ਡ੍ਰਾਮਾਟਿਕ ਕਲੱਬ ਵੱਲੋਂ ਸ੍ਰੀ ਵੇਦ ਪ੍ਰਕਾਸ਼ ਕਾਂਸਲ ਦੀ ਸ੍ਰਪਰਸਤੀ ਤੇ ਡਾਇਰੈਕਟਰ ਰਿੰਕੂ ਚੋਪੜਾ ਦੀ ਨਿਰਦੇਸ਼ਨਾਂ ਹੇਠ ਸ੍ਰੀ ਰਾਮਲੀਲ੍ਹਾ ਦੀਆਂ ਰਿਹਰਸਲਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।ਇਸ ਦੌਰਾਨ ਡਾਇਰੈਕਟਰ ਸ੍ਰੀ ਰਿੰਕੂ ਚੋਪੜਾ, ਤੀਰਥ ਮੇਨਕਾ, ਜੇ ਈ ਮਨਜੀਤ ਸਿੰਘ, ਰਿਪੀ ਮੇਨਕਾ ਤੇ ਮਨੂੰ ਸ਼ਰਮਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰਾਮਲੀਲ੍ਹਾ ਦਾ ਮੰਚਨ ਸ਼ਰਧਾ ਤੇ ਉਤਸ਼ਾਹ ਨਾਲ ਕੀਤਾ ਜਾਵੇਗਾ ਅਤੇ ਰਾਮਲੀਲ੍ਹਾ ਦੇ ਮੰਚਨ ਨੂੰ ਲੈ ਕੇ ਕਲਾਕਾਰਾਂ ਵੱਲੋਂ ਰਿਹਰਸਲਾਂ ਦਾ ਦੌਰ ਜਾਰੀ ਹੈ ਤੇ ਬਾਕੀ ਤਿਆਰੀਆਂ ਵੀ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਉਨ੍ਹਾ ਦੱਸਿਆ ਕਿ ਸਥਾਨਕ ਰਾਮਲੀਲ੍ਹਾ ਮੰਦਰ ਵਿਖੇ ਸ੍ਰੀ ਰਾਮਲੀਲ੍ਹਾ ਦਾ ਮੰਚਨ 2 ਅਕਤੂਬਰ ਤੋਂ 12 ਅਕਤੂਬਰ ਤੱਕ ਕੀਤਾ ਜਾਵੇਗਾ ਤੇ 12 ਅਕਤੂਬਰ ਨੂੰ ਦੁਸਹਿਰੇ ਮੌਕੇ ਰਾਮਲੀਲ੍ਹਾ ਗਰਾਊਂਡ ਵਿਖੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲਿਆਂ ਨੂੰ ਅਗਨੀ ਭੇਟ ਕੀਤਾ ਜਾਵੇਗਾ।ਉਨ੍ਹਾ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਵਜੋਂ ਚੇਤਨ ਸਿੰਘ ਜੌੜਾਮਾਜਰਾ ਸ਼ਿਰਕਤ ਕਰਨਗੇ।ਇਸ ਮੌਕੇ ਸ੍ਰੀ ਦੁਰਗਾ ਰਾਮਾ ਡ੍ਰਾਮਾਟਿਕ ਕਲੱਬ ਦੇ ਸਮੂਹ ਮੈਂਬਰ ਤੇ ਕਲਾਕਾਰ ਮੌਜੂਦ ਸਨ।

ਹਾਕੀ ਕਲੱਬ ਦੇ ਖਿਡਾਰੀਆਂ ਨੇ ਨੈਸ਼ਨਲ ਪੱਧਰੀ ਖੇਡਾਂ 'ਚ ਭਾਗ ਲਿਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਸਾਹਿਬ ਦੇ ਗਨੀ ਖਾਂ ਨਬੀ ਖਾਂ ਹਾਕੀ ਕਲੱਬ ਦੇ ਖਿਡਾਰੀਆਂ ਨੇ ਨੈਸ਼ਨਲ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹਾਕੀ ਕੋਚ ਸੂਬੇਦਾਰ ਗੁਰਚਰਨ ਸਿੰਘ ਤੇ ਗੁਰਮੇਲ ਸਿੰਘ ਨੇ ਦੱਸਿਆ ਕਿ ਗਨੀ ਖਾਂ ਨਬੀ ਖਾਂ ਹਾਕੀ ਕਲੱਬ ਦੇ 3 ਖਿਡਾਰੀ ਅਭੀ ਪਾਮੇ, ਹਰਸ਼ ਤੇ ਅਮਨਪ੍ਰੀਤ ਨੇ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ। ਉਨ੍ਹਾਂ ਦੱਸਿਆ ਕਿ ਅਭੀ ਪਾਮੇ ਤੇ ਹਰਸ਼ ਨੇ ਦਿੱਲੀ ਵਿਖੇ ਹੋਏ ਜੂਨੀਅਰ ਨੈਸ਼ਨਲ ਖੇਡ ਮੁਕਾਬਲਿਆਂ ਵਿੱਚ ਹਿੱਸਾ ਲਿਆ, ਜਦਕਿ ਅਮਨਪ੍ਰੀਤ ਨੇ ਝਾਰਖੰਡ ਵਿਖੇ ਹੋਏ ਸਬ ਜੂਨੀਅਰ ਨੈਸ਼ਨਲ ਮੁਕਾਬਲੇ 'ਚ ਭਾਗ ਲਿਆ। ਕੋਚ ਗੁਰਚਰਨ ਸਿੰਘ ਨੇ ਦੱਸਿਆ ਕਿ ਕਲੱਬ ਵੱਲੋਂ ਇਲਾਕੇ ਦੇ ਨੌਜਵਾਨਾਂ ਨੂੰ ਹਾਕੀ ਖੇਡਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਤਾਂ ਉਹ ਨਸ਼ਿਆਂ ਤੋਂ ਦੂਰ ਰਹਿ ਸਕਣ।

ਧਰਮਪੁਰਾ 'ਚ ਸੁਖਜਿੰਦਰ ਸਿੰਘ ਨੂੰ ਸਰਬਸੰਮਤੀ ਨਾਲ ਚੁਣਿਆ ਸਰਪੰਚ

ਬਰੇਟਾ (ਗੀਤਵਾਲ)-ਉੱਘੇ ਪੰਜਾਬੀ ਗਾਇਕ ਆਰ ਨੇਤ ਦੇ ਪਿੰਡ ਧਰਮਪੁਰਾ ਵਿੱਚ ਸਰਬਸੰਮਤੀ ਨਾਲ ਸੁਖਜਿੰਦਰ ਸਿੰਘ ਕਾਲਾ ਨੂੰ ਪਿੰਡ ਦਾ ਸਰਪੰਚ ਚੁਣਿਆ ਗਿਆ ਹੈ।ਦੱਸਣਯੋਗ ਹੈ ਕਿ ਪਿੰਡ ਵਾਸੀਆਂ ਨੇ ਸਰਬਸੰਮਤੀ ਨਾਲ ਸਰਪੰਚ ਦੀ ਚੋਣ ਕਰ ਲਈ ਹੈ, ਜਿਨ੍ਹਾਂ ਨੇ ਪੜ੍ਹੇ-ਲਿਖੇ, ਮਿਹਨਤੀ ਤੇ ਹਰ ਇੱਕ ਦੇ ਸੁੱਖ-ਦੁੱਖ 'ਚ ਨਾਲ ਖੜਨ ਵਾਲੇ ਸੁਖਜਿੰਦਰ ਸਿੰਘ ਕਾਲਾ ਨੂੰ ਪਿੰਡ ਦਾ ਸਰਬਸੰਮਤੀ ਨਾਲ ਸਰਪੰਚ ਚੁਣਿਆ ਹੈ।ਪਿੰਡ ਦੇ ਸਾਬਕਾ ਸਰਪੰਚ ਦਰਸ਼ਨ ਸਿੰਘ, ਗਿਆਨ ਸਿੰਘ ਤੇ ਸਮਾਜਸੇਵੀ ਜਗਵਿੰਦਰ ਸਿੰਘ ਅਤੇ ਕੇਸਰ ਸਿੰਘ ਨੇ ਕਿਹਾ ਕਿ ਇਸ ਨਾਲ ਇਲਾਕੇ ਭਰ ਦੇ ਪਿੰਡਾਂ 'ਚ ਇਕ ਚੰਗਾ ਸੁਨੇਹਾ ਜਾਵੇਗਾ ਕਿ ਉਹ ਵੀ ਆਪਣੇ ਪਿੰਡ ਦਾ ਸਰਪੰਚ ਸਰਬਸੰਮਤੀ ਨਾਲ ਚੁਣਨ ਤਾਂ ਜੋ ਪਿੰਡ ਦਾ ਕਿਸੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਅਥਾਹ ਵਿਕਾਸ ਹੋਵੇ।ਇਸ ਇੱਕਠ 'ਚ ਪਿੰਡ ਵਾਸੀਆਂ ਨੇ ਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਕਿ ਸਾਡੇ ਵੱਲੋਂ ਸਰਬਸੰਮਤੀ ਨਾਲ ਸੁਖਜਿੰਦਰ ਸਿੰਘ ਕਾਲਾ ਨੂੰ ਪਿੰਡ ਦਾ ਸਰਪੰਚ ਚੁਣਿਆ ਗਿਆ ਹੈ।ਉਨ੍ਹਾਂ ਵਿਸ਼ਵਾਸ ਦਵਾਇਆ ਕਿ ਸਾਡੇ ਵੱਲੋਂ ਸੁਖਜਿੰਦਰ ਸਿੰਘ ਖਿਲ਼ਾਫ ਕੋਈ ਕਾਗਜ਼ ਨਹੀਂ ਭਰੇਗਾ ਤੇ ਨਾ ਹੀ ਕੋਈ ਚੋਣ ਲੜੇਗਾ।ਸਰਬਸੰਮਤੀ ਨਾਲ ਚੁਣੇ ਗਏ ਸਰਪੰਚ ਸੁਖਜਿੰਦਰ ਸਿੰਘ ਕਾਲਾ ਨੇ ਸਮੁੱਚੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

ਸੈਂਟਰ ਪੱਧਰੀ ਖੇਡਾਂ 'ਚ ਪ੍ਰਾਇਮਰੀ ਸਕੂਲ ਬੁਆਣੀ ਦੀ ਖੋ-ਖੋ 'ਚ ਝੰਡੀ

ਦੋਰਾਹਾ (ਹਰਮਿੰਦਰ ਸੇਠ)-ਸਰਕਾਰੀ ਪ੍ਰਾਇਮਰੀ ਸਕੂਲ ਬੁਣੀ ਦੇ ਬੱਚਿਆਂ ਵੱਲੋਂ ਸੈਂਟਰ ਬਿਲਾਸਪੁਰ ਦੀਆਂ ਖੇਡਾਂ ਜੋ ਕਿ ਅਜਨੋਦ ਸਕੂਲ ਵਿਖੇ ਹੋਈਆਂ, ਉਨ੍ਹਾਂ ਵਿੱਚੋਂ ਖੋ-ਖੋ ਲੜਕੇ, ਲੜਕੀਆਂ ਦੋਨਾਂ ਵਿੱਚੋਂ ਗੋਲਡ ਜਿੱਤ ਕੇ ਝੰਡੀ ਗੱਡੀ।ਇਸ ਤੋਂ ਇਲਾਵਾ ਕੁਸ਼ਤੀ 32 ਕਿੱਲੋ ਵਿੱਚੋਂ ਏਕਮ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ 200 ਮਿੱਤਰ ਦੌੜ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ।ਇਹ ਜਾਣਕਾਰੀ ਸਪੋਰਟਸ ਇੰਚਾਰਜ ਰਜਨੀਸ਼ ਕੁਮਾਰ ਖਾਨਪੁਰ ਤੇ ਸ੍ਰੀਮਤੀ ਜਸਵਿੰਦਰ ਕੌਰ ਨੇ ਦਿੱਤੀ।ਸਕੂਲ ਪਹੁੰਚਣ 'ਤੇ ਮੁੱਖ ਅਧਿਆਪਕਾ ਸ੍ਰੀਮਤੀ ਸੰਗੀਤਾ ਛਾਬੜਾ ਦੀ ਅਗਵਾਈ ਹੇਠ ਜੇਤੂ ਖਿਡਾਰੀਆਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਐੱਸ ਐੱਮ ਸੀ ਚੇਅਰਪਰਸਨ ਸ੍ਰੀਮਤੀ ਕੁਲਵਿੰਦਰ ਕੌਰ, ਖੁਸ਼ਪ੍ਰੀਤ ਕੌਰ, ਬੇਅੰਤ ਕੌਰ, ਸੁਖਵਿੰਦਰ ਕੌਰ, ਸੁਖਦੀਪ ਕੌਰ, ਰਣਜੀਤ ਕੌਰ, ਸੁਖਨੰਦਨ ਕੌਰ ਆਦਿ ਹਾਜ਼ਰ ਸਨ।

ਮਨਿਸਟੀਰੀਅਲ ਕਰਮਚਾਰੀਆਂ ਦਾ ਟ੍ਰੇਨਿੰਗ ਕੈਂਪ ਲਗਾਇਆ

ਧੂਰੀ (ਸੁਖਦੇਵ ਧੂਰੀ)-ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਹੇਠਾਂ ਬਲਾਕ ਨੋਡਲ ਅਫਸਰ ਧੂਰੀ ਵਿਪਨ ਕੁਮਾਰ ਗਰਗ ਤੇ ਬਲਾਕ ਨੋਡਲ ਅਫਸਰ ਸ਼ੇਰਪੁਰ ਅਸ਼ੋਕ ਗਰਗ ਵੱਲੋਂ ਬਲਾਕ ਧੂਰੀ ਤੇ ਸ਼ੇਰਪੁਰ ਦੇ ਮਨਿਸਟੀਰੀਅਲ ਕਰਮਚਾਰੀਆਂ ਦੀ ਟ੍ਰੇਨਿੰਗ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਹਾਂਗੀਰ ਕਹੇਰੂ ਵਿਖੇ ਕਰਵਾਈ ਗਈ, ਜਿਸ ਵਿੱਚ ਜਸਦੇਵ ਸਿੰਘ ਰਿਟਾ. ਸੁਪਰਡੈਂਟ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਸੰਗਰੂਰ ਤੇ ਗਗਨ ਗੋਇਲ ਸ਼ੈਕਸ਼ਨ ਅਫਸਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸੰਗਰੂਰ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਇਸ ਦੌਰਾਨ ਸ਼ੈਕਸ਼ਨ ਅਫਸਰ ਵੱਲੋਂ ਕਲਰਕਾਂ ਨੂੰ ਲੇਖਾ ਤੇ ਸੀ ਐੱਸ ਆਰ ਰੂਲਜ਼ ਦੀਆਂ ਬਾਰੀਕੀਆਂ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਸੁਪਰਡੈਂਟ ਜਸਦੇਵ ਸਿੰਘ ਵੱਲੋਂ ਟ੍ਰੇਨਿੰਗ ਦੇ ਨਾਲ ਨਾਲ ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ ਗਏ। ਇਸ ਵਿੱਚ ਸਮੂਹ ਮਨਿਸਟੀਰੀਅਲ ਕਰਮਚਾਰੀਆਂ ਤੇ ਪਰਮਪ੍ਰੀਤ ਸਿੰਘ ਪ੍ਰਧਾਨ ਪੰਜਾਬ ਮਨਿਸਟੀਰੀਅਲ ਸਟਾਫ ਐਸੋਸੀਏਸ਼ਨ ਬਲਾਕ ਧੂਰੀ ਤੇ ਸ਼ੇਰਪੁਰ ਵੱਲੋਂ ਗਗਨ ਗੋਇਲ ਸ਼ੈਕਸ਼ਨ ਅਫਸਰ, ਜਸਦੇਵ ਸਿੰਘ ਰਿਟਾ. ਸੁਪਰਡੈਂਟ ਤੇ ਵਿਪਨ ਕੁਮਾਰ ਬੀ ਐੱਨ ਓ ਧੂਰੀ ਤੇ ਅਸ਼ੋਕ ਗਰਗ ਬੀ ਐੱਨ ਓ ਸ਼ੇਰਪੁਰ ਦਾ ਧੰਨਵਾਦ ਕਰਦੇ ਹੋਏ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਟ੍ਰੇਨਿੰਗ ਨੂੰ ਕਾਮਯਾਬ ਕਰਨ ਲਈ ਅਸ਼ਵਨੀ ਕੁਮਾਰ ਪ੍ਰਿੰਸੀਪਲ ਸਸਸਸ ਜਹਾਂਗੀਰ ਕਹੇਰੂ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ ਤੇ ਰਾਜੇਸ਼ ਕੁਮਾਰ ਜੂਨੀਅਰ ਸਹਾਇਕ ਸਸਸਸ ਜਹਾਂਗੀਰ ਕਹੇਰੂ ਵੱਲੋਂ ਸ਼ਲਾਘਾਯੋਗ ਯੋਗਦਾਨ ਪਾਇਆ ਗਿਆ।

ਪ੍ਰਨੀਤ ਕੌਰ ਤੇ ਜੈ ਇੰਦਰ ਕੌਰ ਵੱਲੋਂ ਆਯੁਸ਼ਮਾਨ ਫੰਡਾਂ ਦੇ ਦੁਰਪ੍ਰਬੰਧ ਨੂੰ ਲੈ ਕੇ ਪੰਜਾਬ ਸਰਕਾਰ ਦੀ ਨਿੰਦਾ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਭਾਜਪਾ ਦੇ ਸੀਨੀਅਰ ਆਗੂ ਪ੍ਰਨੀਤ ਕੌਰ ਤੇ ਪੰਜਾਬ ਭਾਜਪਾ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਆਯੁਸ਼ਮਾਨ ਭਾਰਤ ਯੋਜਨਾ ਦੇ ਫੰਡਾਂ ਦੇ ਘੋਰ ਕੁਪ੍ਰਬੰਧ ਨੂੰ ਲੈ ਕੇ ਆਲੋਚਨਾ ਕੀਤੀ।ਇੱਥੇ ਜਾਰੀ ਇੱਕ ਬਿਆਨ ਵਿੱਚ ਪ੍ਰਨੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਯੁਸ਼ਮਾਨ ਭਾਰਤ ਸਕੀਮ ਤਹਿਤ ਪ੍ਰਾਈਵੇਟ ਹਸਪਤਾਲਾਂ ਨੂੰ 500 ਕਰੋੜ ਰੁਪਏ ਦੀ ਰਾਸ਼ੀ ਵੰਡਣ ਵਿੱਚ ਨਾਕਾਮ ਰਹਿਣਾ ਲੋਕਾਂ ਦੇ ਭਰੋਸੇ ਨਾਲ ਵੱਡਾ ਧੋਖਾ ਹੈ।ਕੇਂਦਰ ਸਰਕਾਰ ਤੋਂ ਮਿਲੇ 350 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਹਸਪਤਾਲਾਂ ਨੂੰ ਛੱਡ ਕੇ ਅਣਵਰਤੀ ਪਈ ਹੈ, ਜਦਕਿ ਮਰੀਜ਼ ਪ੍ਰੇਸ਼ਾਨ ਹੋ ਰਹੇ ਹਨ। ਇਸ ਤੋਂ ਇਲਾਵਾ, ਜਦੋਂਕਿ ਹਸਪਤਾਲਾਂ ਨੇ ਅਦਾਇਗੀ ਨਾ ਹੋਣ ਕਾਰਨ ਇਲਾਜ ਬੰਦ ਕਰ ਦਿੱਤਾ ਹੈ, ਪੰਜਾਬ ਸਰਕਾਰ ਬੇਸ਼ਰਮੀ ਨਾਲ ਪ੍ਰਾਪਤ ਹੋਏ ਫੰਡਾਂ ਨੂੰ ਹੋਰ ਕੰਮਾਂ 'ਤੇ ਖਰਚ ਕਰ ਰਹੀ ਹੈ।ਲੋਕਾਂ ਦੀ ਸਿਹਤ ਨੂੰ ਪਹਿਲ ਦੇਣ ਦੀ ਬਜਾਏ ਵੱਡੇ-ਵੱਡੇ ਇਸ਼ਤਿਹਾਰ, ਅਧਿਕਾਰੀਆਂ ਦੀਆਂ ਰਿਹਾਇਸ਼ਾਂ ਦੀ ਮੁਰੰਮਤ ਤੇ ਬੇਲੋੜੇ ਵਾਹਨਾਂ ਦੀ ਖਰੀਦਦਾਰੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜੋਕਿ ਜਨਤਕ ਫੰਡਾਂ ਦੀ ਘੋਰ ਦੁਰਵਰਤੋਂ ਹੈ।ਜੈ ਇੰਦਰ ਕੌਰ ਨੇ ਮੰਗ ਕੀਤੀ ਕਿ ਇਸ ਘੋਰ ਕੁਪ੍ਰਬੰਧ ਲਈ ਕੌਣ ਜ਼ਿੰਮੇਵਾਰ ਹੈ, ਇਸ ਦੀ ਤੁਰੰਤ ਜਾਂਚ ਹੋਣੀ ਚਾਹੀਦੀ ਹੈ।ਸਿਹਤ ਮੰਤਰੀ ਸਮੇਤ ਦੋਸ਼ੀ ਪਾਏ ਜਾਣ ਵਾਲਿਆਂ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਵੱਖ-ਵੱਖ ਥਾਈਂ ਧੂਮਧਾਮ ਨਾਲ ਮਨਾਇਆ

ਸਮਰਾਲਾ (ਸੁਰਜੀਤ ਸਿੰਘ)

ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਸਮਰਾਲਾ ਵਿੱਚ ਅੰਗਰੇਜ਼ੀ ਦੇ ਪ੍ਰਸਿੱਧ ਵਿਦਵਾਨ ਤੇ ਅਨੁਵਾਦਕ ਮੈਕਸ ਆਰਥਰ ਮੈਕਾਲਿਫ ਦਾ 186ਵਾਂ ਜਨਮ ਦਿਹਾੜਾ ਤੇ ਸ਼ਹੀਦ ਭਗਤ ਸਿੰਘ ਜੀ ਦਾ 117ਵਾਂ ਜਨਮ ਦਿਹਾੜਾ ਬਹੁਤ ਧੂਮਧਾਮ ਤੇ ਉਤਸ਼ਾਹ ਪੂਰਵਕਤਾ ਨਾਲ ਮਨਾਇਆ ਗਿਆ। ਸਮਾਰੋਹ ਦਾ ਆਰੰਭ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਅਧਿਆਪਕ ਪ੍ਰਦੀਪ ਸਿੰਘ ਦੀ ਅਗਵਾਈ ਅਧੀਨ ਨੌਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਮੈਕਸ ਆਰਥਰ ਮੈਕਾਲਿਫ ਤੇ ਸ਼ਹੀਦ ਭਗਤ ਸਿੰਘ ਜੀ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦੇ ਕੇ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਦੁਆਰਾ ਮੈਕਸ ਆਰਥਰ ਮੈਕਾਲਿਫ ਤੇ ਸ਼ਹੀਦ ਭਗਤ ਸਿੰਘ ਜੀ ਦੇ ਜੀਵਨ ਤੇ ਸਮਾਜ ਨੂੰ ਦਿੱਤੇ ਯੋਗਦਾਨ ਬਾਰੇ ਚਾਨਣ ਪਾਇਆ ਗਿਆ।ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਇਸ ਅਦੁਤੀ ਤੇ ਲਾਸਾਨੀ ਯੋਗਦਾਨ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਵੇਗਾ।ਇਸ ਮੌਕੇ ਸਕੂਲ ਵਿੱਚ ਪਹਿਲੀ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੁਆਰਾ ਜਮਾਤਾਂ ਵਿੱਚ ਵੱਖ-ਵੱਖ ਗਤੀਵਿਧੀਆਂ ਰਾਹੀਂ ਉਨ੍ਹਾਂ ਦੇ ਜੀਵਨ 'ਤੇ ਰੌਸ਼ਨੀ ਪਾਈ ਗਈ, ਜਿਸ ਵਿੱਚ ਪਹਿਲੀ ਤੋਂ ਛੇਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਮੈਕਸ ਆਰਥਰ ਮੈਕਾਲਿਫ ਦੀ ਜੀਵਨੀ ਨੂੰ ਵਿਸ਼ਾ ਬਣਾ ਕੇ ਸੁੰਦਰ ਲਿਖਾਈ ਕਰਨ ਦੀ ਗਤੀਵਿਧੀ ਕੀਤੀ ਤੇ ਸੱਤਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਆਪਣੇ ਭਾਸ਼ਣ ਰਾਹੀਂ ਉਨ੍ਹਾਂ ਦੇ ਜੀਵਨ ਸਬੰਧੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਵਿਦਿਆਰਥੀਆਂ ਦੇ ਦਸਤਾਰ ਬੰਦੀ, ਲੰਬੇ ਵਾਲ ਤੇ ਦੁਮਾਲਾ ਸਾਹਿਬ ਸਜਾਉਣ ਦੇ ਮੁਕਾਬਲੇ ਵੀ ਕਰਵਾਏ ਗਏ। ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਵੱਲੋਂ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਸਕੂਲ ਦੀ ਮੈਨੇਜਮੈਂਟ, ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ, ਸਕੂਲ ਮੈਨੇਜਰ ਰਮਨਦੀਪ ਸਿੰਘ ਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਸਾਰੇ ਸਮਾਜ ਨੂੰ ਮੈਕਸ ਆਰਥਰ ਮੈਕਾਲਿਫ ਦੇ ਜਨਮ ਦਿਵਸ, ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ ਗਈਆਂ ਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਸਕੂਲ ਵਿੱਚ ਲੱਡੂ ਵੰਡ ਕੇ ਉਨ੍ਹਾਂ ਪ੍ਰਤੀ ਆਪਣੇ ਸਤਿਕਾਰ ਤੇ ਪਿਆਰ ਦਾ ਪ੍ਰਗਟਾਵਾ ਵੀ ਕੀਤਾ ਗਿਆ।

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) : ਬਾਗੀ ਪਾਰਕ ਨਜ਼ਦੀਕ ਬਾਬਾ ਨਾਮਦੇਵ ਦੇਵ ਚੌਕ ਫਿਰੋਜ਼ਪੁਰ ਵਿਖੇ ਸ਼ਹੀਦ ਭਗਤ ਸਿੰਘ ਦਾ 117ਵਾਂ ਜਨਮ ਦਿਨ ਡਾਕਟਰ ਦੀਵਾਨ ਚੰਦ ਸੁਖੀਜਾ ਚੇਅਰਮੈਨ ਤੇ ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ ਸਟਰੀਮ ਲਾਈਨ ਵੈੱਲਫੇਅਰ ਸੋਸਾਇਟੀ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਪ੍ਰਵੀਨ ਧਵਨ ਜਨਰਲ ਸਕੱਤਰ ਤੇ ਰਮੇਸ਼ ਬਾਜਾਰ ਸੀਨੀਅਰ ਵਾਈਸ ਪ੍ਰਧਾਨ ਨੇ

30-SEP-PAGE-8.qxd 9/29/2024 9:35 PM Page 1

ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਦੋ ਰੋਜ਼ਾ ਇਨਕਲਾਬ ਮੇਲਾ

ਨਵਾਂਸ਼ਹਿਰ (ਮਨੋਜ ਲਾਡੀ)-ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨਾ ਸਿਰਫ ਭਾਰਤ ਬਲਕਿ ਪੂਰੇ ਵਿਸ਼ਵ ਦਾ ਮਾਣ ਹੈ ਅਤੇ ਪੰਜਾਬ ਸਰਕਾਰ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਉਨ੍ਹਾਂ ਦੇ ਸੁਪਨਿਆਂ ਦਾ ਦੇਸ਼ ਸਿਰਜਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਦੋ ਰੋਜ਼ਾ ਇਨਕਲਾਬ ਮੇਲੇ ਦਾ ਉਦਘਾਟਨ ਕਰਨ ਮੌਕੇ ਕੀਤਾ। ਸਮੁੱਚੇ ਦੇਸ਼ ਵਾਸੀਆਂ ਨੂੰ ਸ਼ਹੀਦ ਭਗਤ ਸਿੰਘ ਜਨਮ ਦਿਵਸ ਦੀ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੇ ਇਸ ਮਹਾਨ ਸ਼ਹੀਦ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਮੁੱਚਾ ਪੰਜਾਬ ਉਨ੍ਹਾਂ ਦੇ ਜਨਮ ਦਿਨ ਮੌਕੇ ਯਾਦ ਕਰ ਰਿਹਾ ਹੈ।ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਇਕ ਵਿਸ਼ੇਸ਼ ਪਹਿਲਕਦਮੀ 'ਤੇ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਮੁੜ ਤੋਂ ਮੇਲੇ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਇਸੇ ਤਹਿਤ ਅੱਜ ਤੋਂ ਖਟਕੜ ਕਲਾਂ ਵਿਖੇ ਸ਼ੁਰੂ ਹੋ ਰਿਹਾ ਦੋ ਦਿਨਾ 'ਇਨਕਲਾਬ ਮੇਲਾ' ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਕੀਤਾ ਗਿਆ ਹੈ। ਇਹ ਇਨਕਲਾਬ ਮੇਲਾ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਦੇ ਇਨਕਲਾਬੀ ਨਾਇਕਾਂ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਵਿਚ ਬੇਹੱਦ ਸਹਾਈ ਸਿੱਧ ਹੋਵੇਗਾ। ਇਸ ਤੋਂ ਪਹਿਲਾਂ ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਦੀ ਸਮਾਧ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਹੀਦ ਦੇ ਬੁੱਤ ਨੂੰ ਨਮਨ ਕੀਤਾ। ਸੌਂਦ ਨੇ ਇਨਕਲਾਬ ਮੇਲੇ ਦੀ ਸ਼ੁਰੂਆਤ ਸ਼ਮ੍ਹਾ ਰੋਸ਼ਨ ਕਰਕੇ ਕੀਤੀ। ਇਸ ਸਮੇਂ ਉਨ੍ਹਾਂ ਨਾਲ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ., ਕੈਬਨਿਟ ਮੰਤਰੀ ਮੋਹਿੰਦਰ ਭਗਤ, ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਸੰਤੋਸ਼ ਕਟਾਰੀਆ ਅਤੇ ਡਾ. ਸੁਖਵਿੰਦਰ ਸੁੱਖੀ ਤੋਂ ਇਲਾਵਾ ਹੋਰ ਸ਼ਖਸੀਅਤਾਂ ਹਾਜ਼ਰ ਸਨ।ਕੈਬਨਿਟ ਮੰਤਰੀ ਨੇ ਕਿਹਾ ਕਿ ਦੋ ਦਿਨ ਚੱਲਣ ਵਾਲੇ ਇਸ ਇਨਕਲਾਬ ਮੇਲੇ ਮੌਕੇ ਸ਼ਾਨਦਾਰ ਪ੍ਰੋਗਰਾਮ ਕਰਵਾਏ ਜਾ ਰਹੇ ਹਨ, ਜਿਸ ਦੌਰਾਨ ਨਾਮਵਰ ਗਾਇਕਾਂ ਅਤੇ ਕਲਾਕਾਰਾਂ ਤੋਂ ਇਲਾਵਾ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਵੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੇਲੇ ਦੌਰਾਨ ਸ਼ਹੀਦ ਭਗਤ ਸਿੰਘ ਨਾਲ ਸਬੰਧਿਤ ਨਾਟਕਾਂ ਦੀ ਪੇਸ਼ਕਾਰੀ ਤੋਂ ਇਲਾਵਾ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਸਟਾਲ ਵੀ ਲਗਾਏ ਗਏ ਹਨ। ਇਸੇ ਤਰ੍ਹਾਂ ਖਾਣ-ਪੀਣ ਦੇ ਸਟਾਲ ਅਤੇ ਬੱਚਿਆਂ ਲਈ ਝੂਲੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਹੋਏ ਹਨ। ਇਸ ਮੌਕੇ ਕੈਬਨਿਟ ਮੰਤਰੀ ਨੇ ਸ਼ਹੀਦ ਭਗਤ ਸਿੰਘ ਦੇ ਪਰਵਾਰਕ ਮੈਂਬਰਾਂ ਅਤੇ ਪੰਜਾਬ ਦੇ ਪੈਰਾ ਉਲੰਪੀਅਨਾਂ ਦਾ ਸਨਮਾਨ ਵੀ ਕੀਤਾ। ਇਸ ਦੌਰਾਨ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਭਗਤ ਸਿੰਘ ਘੋੜੀ ਅਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ।ਇਸ ਮੌਕੇ ਸਕੱਤਰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਤੇ ਲੋਕ ਸੰਪਰਕ ਮਾਲਵਿੰਦਰ ਸਿੰਘ ਜੱਗੀ, ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਐਸ.ਐਸ.ਪੀ ਡਾ. ਮਹਿਤਾਬ ਸਿੰਘ, ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ, ਉਪ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਕੁਲਜੀਤ ਸਰਹਾਲ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸਤਨਾਮ ਜਲਾਲਪੁਰ, ਚੇਅਰਮੈਨ ਇੰਪਰੂਵਮੈਂਟ ਟਰੱਸਟ ਸਤਨਾਮ ਸਿੰਘ ਜਲਵਾਹਾ, ਚੇਅਰਮੈਨ ਮਾਰਕੀਟ ਕਮੇਟੀ ਗਗਨ ਅਗਨੀਹੋਤਰੀ, ਸੂਬਾ ਸਕੱਤਰ ਹਰਜੋਤ ਕੌਰ ਲੋਟੀਆ, ਬਲਬੀਰ ਕਰਨਾਨਾ, ਫਿਲਮੀ ਅਦਾਕਾਰ ਬੀਨੂੰ ਢਿੱਲੋਂ ਤੇ ਦੇਵ ਖਰੋੜ, ਵਧੀਕ ਡਿਪਟੀ ਕਮਿਸ਼ਨਰ (ਜ) ਅਕਸ਼ਿਤਾ ਗੁਪਤਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ, ਐਸ.ਡੀ.ਐਮ. ਬੰਗਾ ਵਿਪਨ ਭੰਡਾਰੀ, ਐਸ.ਡੀ.ਐਮ. ਬਲਾਚੌਰ ਪ੍ਰੀਤ ਇੰਦਰ ਸਿੰਘ ਬੈਂਸ ਅਤੇ ਹੋਰ ਸ਼ਖਸੀਅਤਾਂ ਸਮੇਤ ਭਾਰੀ ਗਿਣਤੀ 'ਚ ਲੋਕ ਹਾਜ਼ਰ ਸਨ।

ਵੇਟ ਲਿਫਟਰ ਬੱਚਿਆਂ ਨੇ ਮਾਰੀਆਂ ਮੱਲਾਂ

ਅੱਡਾ ਸਰਾਂ (ਜਸਵੀਰ ਕਾਜਲ)-ਖੇਡਾਂ ਵਤਨ ਪੰਜਾਬ ਦੀਆਂ ਅੰਡਰ 14 ਜ਼ਿਲ੍ਹਾ ਪੱਧਰੀ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ ਬੀ ਐਨ ਡੀ ਸਕੂਲ ਸੀਨੀਅਰ ਸੈਕੰਡਰੀ ਸਕੂਲ ਕੰਧਾਲਾ ਜੱਟਾਂ ਦੇ ਵਿਦਿਆਰਥੀਆਂ ਨੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। 49 ਕਿਲੋ ਭਾਰ ਵੇਟ ਲਿਫਟਿੰਗ ਵਿੱਚ ਸਹਿਜਵੀਰ ਸਿੰਘ ਨੇ ਪਹਿਲਾ , 34 ਕਿਲੋ ਭਾਰ ਵਿੱਚ ਮਨਪ੍ਰੀਤ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਅਰਸ਼ਦੀਪ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਇੰਜੀਨੀਅਰ ਅਨਿਲ ਮਹਿਤਾ ਅਤੇ ਖੇਡ ਇੰਚਾਰਜ ਗੁਰਮੇਲ ਸਿੰਘ ਨੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ । ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਜੈ ਕਿਸ਼ਨ ਮਹਿਤਾ ਨੇ ਖਿਡਾਰੀਆਂ ਤੇ ਸਕੂਲ ਸਟਾਫ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ।

ਮਿਡਲ ਸਕੂਲ ਟੋਰੋਵਾਲ ਵਿਖੇ ਲਾਇਬਰੇਰੀ ਸਥਾਪਤ

ਬਲਾਚੌਰ (ਜਸਵਿੰਦਰ ਬੈਂਸ)-ਟੋਪਾਨ ਸਪੈਸ਼ਲਿਟੀ ਫਿਲਮ ਪ੍ਰਾਈਵੇਟ ਲਿਮਟਿਡ ਰੈਲਮਾਜਰਾ ਵਲੋਂ ਅੰਨਦਿਆ ਫਾਊਂਡੇਸ਼ਨ ਨਵੀਂ ਦਿੱਲੀ ਦੇ ਸਹਿਯੋਗ ਨਾਲ ਸਰਕਾਰੀ ਮਿਡਲ ਸਕੂਲ ਟੋਰੋਵਾਲ ਵਿਖੇ ਨਵੀਂ ਲਾਇਬਰੇਰੀ ਬਣਾਈ, ਜਿਸ ਦਾ ਉਦਘਾਟਨ ਟੋਪਾਨ ਸ਼ਪੈਸਲਿਟੀ ਫਿਲਮ ਪ੍ਰਾਈਵੇਟ ਲਿਮਟਿਡ ਰੈਲਮਾਜਰਾ ਵਿਪਿਨ ਕੁਮਾਰ ਐਡਮਿਨ ਮੈਨੇਜਰ,ਪ੍ਰਦੀਪ ਕੁਮਾਰ ਐਚ. ਆਰ. ਟੀ, ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਮਰਜੀਤ ਖਟਕੜ ਅਤੇ ਰਸ਼ਿਮ ਭਟਨਾਗਰ ਡਿਸਟਿਕ ਕੋਆਰਡੀਨੇਟਰ ਅੰਨਦਿਆ ਫਾਊਂਡੇਸ਼ਨ (ਐਨ.ਜੀ.ਓ) ਦੀ ਮੌਜੂਦਗੀ ਵਿੱਚ ਇਹਨਾਂ ਅਧਿਅਕਾਰੀਆ ਵਲੋਂ ਪਿੰਡ ਦੇ 100 ਸਾਲਾਂ ਬਜ਼ੁਰਗ ਰਾਮ ਦਾਸ ਚੇਚੀ ਤੋਂ ਕਰਵਾਇਆ ਗਿਆ।ਇਸ ਮੌਕੇ ਉਪ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਅਮਰਜੀਤ ਖਟਕੜ ਨੇ ਟੋਪਾਨ ਸਪੈਸ਼ਲਿਟੀ ਫਿਲਮ ਪ੍ਰਾਈਵੇਟ ਲਿਮਟਿਡ ਰੈਲਮਾਜਰਾ ਅਤੇ ਅੰਨਦਿਆ ਫਾਊਂਡੇਸ਼ਨ ਨਵੀਂ ਦਿੱਲੀ ਦੇ ਅਧਿਕਾਰੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵਿੱਦਿਆ ਦਾਨ ਸਭ ਤੋਂ ਉੱਤਮ ਦਾਨ ਹੈ। ਇਹਨਾਂ ਵਲੋਂ ਜੋ ਸਕੂਲ ਵਿੱਚ ਲਾਇਬਰੇਰੀ ਦਾ ਸੈਟਅਪ ਕੀਤਾ ਹੈ ਉਹ ਇੱਕ ਸ਼ਲਾਘਾ ਯੋਗ ਕਦਮ ਹੈ।ਇਸ ਮੌਕੇ ਟੋਪਾਨ ਸ਼ਪੈਸਲਿਟੀ ਫਿਲਮ ਪ੍ਰਾਈਵੇਟ ਲਿਮਟਿਡ ਰੈਲਮਾਜਰਾ ਦੇ ਅਧਿਕਾਰੀ ਵਿਪਿਨ ਕੁਮਾਰ ,ਪ੍ਰਦੀਪ ਕੁਮਾਰ ਐਚ.ਆਰ.ਟੀ, ਸਾਹਿਲ ਐਚ.ਆਰ.ਟੀ, ਹਿਮਾਨੀ ਐਚ.ਆਰ.ਟੀ,ਉੱਤਮ ਐਚ.ਆਰ.ਟੀ ਅਤੇ ਅੰਨਦਿਆ ਫਾਊਂਡੇਸ਼ਨ ਨਵੀਂ ਦਿੱਲੀ ਵਲੋਂ ਡਿਸਟਿਕ ਕੋਆਰਡੀਨੇਟਰ ਰਸ਼ਿਮ ਭਟਨਾਗਰ ਨੇ ਦੱਸਿਆ ਕਿ ਉਹਨਾਂ ਵਲੋਂ ਪੰਜਾਬ ਦੇ ਵੱਖ ਵੱਖ 17 ਸਕੂਲਾਂ ਵਿੱਚ ਲਾਇਬਰੇਰੀਆਂ ਬਣਾਈਆਂ ਗਈਆਂ ਹਨ। ਇਸ ਮੌਕੇ ਸਕੂਲ ਅਤੇ ਨਗਰ ਨਿਵਾਸੀਆਂ ਵਲੋਂ ਕੰਪਨੀ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਸਨਮਾਨ ਵੀ ਕੀਤਾ ਗਿਆ। ਟੀਮ ਨੇ ਅਕਾਦਮਿਕ ਬਲਾਕ ਅਤੇ ਆਰਟ ਰੂਮ ਆਦਿ ਦਾ ਦੌਰਾ ਕੀਤਾ ।ਇਸ ਮੌਕੇ ਕੰਪਨੀ ਦੀ ਟੀਮ ਵਲੋਂ ਸਕੂਲ ਸਟਾਫ ਅਤੇ ਨਗਰ ਨਿਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਅੱਗੇ ਤੋਂ ਵੀ ਸਕੂਲ ਵਿੱਚ ਆਉਂਦੇ ਰਹਿਣਗੇ ਅਤੇ ਸਕੂਲ ਅਤੇ ਬੱਚਿਆ: ਦੀ ਭਲਾਈ ਵਲੋਂ ਕੰਪਨੀ ਵਲੋਂ ਆਪਣਾ ਯੋਗਦਾਨ ਪਾਉਂਦੇ ਰਹਿਣਗੇ।ਇਸ ਮੌਕੇ ਰਸ਼ਿਮ ਭਟਨਾਗਰ ਡਿਸਟਿਕ ਕੋਆਰਡੀਨੇਟਰ ਅੰਨਦਿਆ ਫਾਊਂਡੇਸ਼ਨ(ਐਨ.ਜੀ.ਓ) ਵਲੋਂ ਸਕੂਲ ਸਟਾਫ ਨੂੰ ਇੱਕ ਵਿਸ਼ੇਸ਼ ਸੈਸ਼ਨ ਲਾ ਕੇ ਟਰੇਨਿੰਗ ਵੀ ਦਿੱਤੀ। ਇਸ ਮੌਕੇ ਲਖਵੀਰ ਸਿੰਘ ਮੁੱਖ ਅੀਧਆਪਕ, ਹਰਪਾਲ ਚੰਦ ਸਰਪੰਚ, ਚੌਧਰੀ ਰਾਮ ਦਾਸ ਚੇਚੀ, ਚੌਧਰੀ ਆਤਮਾ ਰਾਮ ਟੋਰੋਵਾਲ, ਅੰਮ੍ਰਿਤਪਾਲ ਰਿਟਾ. ਅੰਡਰ ਸੈਕਟਰੀ ਪੰਜਾਬ ਵਿਧਾਨ ਸਭਾ, ਰਾਮ ਪਾਲ ਰਿਟਾ, ਰੇਂਜ ਅਫਸਰ, ਪ੍ਰਿੰਸੀਪਲ ਸਰਵਣ ਕੁਮਾਰ, ਹਰਮੇਸ਼ ਲਾਲ ਸੈਂਟਰ ਹੈਡ ਟੀਚਰ, ਨਿਰਮਲ ਸਿੰਘ ਹੱਕਲਾ ਸਕੂਲ ਇੰਚਾਰਜ, ਅਨੁਰਾਧਾ ਹੱਕਲਾ, ਸਵੀਟੀ, ਸੋਨੀਆ ਰਾਣੀ, ਹਰਦੀਪ ਕੌਰ ਆਦਿ ਸਮੇਤ ਸਮੂਹ ਸਟਾਫ ਹਾਜ਼ਰ ਸੀ।

ਭਾਮ 'ਚ ਗੁਰਮਤਿ ਸਮਾਗਮ ਕਰਵਾਏ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪਿੰਡ ਭਾਮ ਵਿਖੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਦਰਬਾਰ ਸਾਹਿਬ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ ਦਾ 450 ਸਾਲਾ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਦਾਸ ਜੀ ਦੇ 450 ਸਾਲਾ ਸ਼ਤਾਬਦੀ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਪਰਮਜੀਤ ਸਿੰਘ ਭਾਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ 450 ਸਾਲਾ ਸ਼ਤਾਬਦੀ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਮਾਨ ਸਿੰਘ ਪੰਥ ਪ੍ਰਸਿੱਧ ਕਥਾਵਾਚਕ, ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਹਿਬ, ਭਾਈ ਸੁਖਦੇਵ ਸਿੰਘ ਨਡਾਲੋਂ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਜਥੇਦਾਰ ਪਰਮਜੀਤ ਸਿੰਘ ਭਾਮ, ਰਣਜੀਤ ਸਿੰਘ ਖਜਾਨਚੀ, ਚਰਨ ਕਮਲ ਸਿੰਘ, ਯੋਗਰਾਜ ਸਿੰਘ ਯੋਗੀ, ਬਲਵਿੰਦਰ ਸਿੰਘ ਜਸਵਾਲ, ਸਰਵਣ ਸਿੰਘ, ਜਗਜੀਤ ਸਿੰਘ, ਬੀਬੀ ਸੁਰਿੰਦਰ ਕੌਰ ਸਾਬਕਾ ਚੇਅਰਮੈਨ ਪਰਸਨ, ਬੀਬੀ ਜਸਵੀਰ ਕੌਰ, ਰਾਜਵੀਰ ਕੌਰ, ਮਾਸਟਰ ਸੁਖਵਿੰਦਰ ਸਿੰਘ, ਗੁਰਵਿੰਦਰ ਸਿੰਘ ਸਿੱਧੂ, ਜਥੇਦਾਰ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਗੁਰਪ੍ਰੀਤ ਸਿੰਘ ਅਜਨੋਹਾ, ਸੁਰਜੀਤ ਸਿੰਘ, ਮੰਗਲ ਸਿੰਘ, ਸੰਨੀ ਸਿੰਘ, ਗੁਰਪਾਲ ਸਿੰਘ ਨਡਾਲੋਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਗੁਰੂ ਜੀ ਦੇ ਲੰਗਰ ਅਤੂੱਟ ਵਰਤਾਏ ਗਏ।

ਆਰਕੀਟੈਕਟ ਉਦੈਵੀਰ ਸਿੰਘ ਸਨਮਾਨਤ

ਜਲੰਧਰ (ਇਕਬਾਲ ਸਿੰਘ ਉਭੀ)-ਸਪੇਸ ਰੇਸ ਆਰਕੀਟੈਕਟਸ ਦੇ ਸੰਸਥਾਪਕ ਠਾਕੁਰ ਉਦੈਵੀਰ ਸਿੰਘ ਨੇ ਆਈ ਆਈ ਏ ਯੰਗ ਆਰਕੀਟੈਕਟ ਆਫ ਦਾ ਈਅਰ ਐਵਾਰਡ 2023 ਜਿੱਤ ਕੇ ਆਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕੀਤਾ। ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਉਦੈਵੀਰ ਦੇ ਪਿਤਾ ਸੀਨੀਅਰ ਭਾਜਪਾ ਆਗੂ ਅਮਰਜੀਤ ਸਿੰਘ ਅਮਰੀ ਨੇ ਦੱਸਿਆ ਕਿ ਸਖਤ ਮਿਹਨਤ ਅਤੇ ਆਪਣੇ ਸਟਾਫ ਦੇ ਸਹਿਯੋਗ ਸਦਕਾ ਆਰ. ਠਾਕੁਰ ਉਦੈਵੀਰ ਸਿੰਘ, ਸਪੇਸ ਰੇਸ ਆਰਕੀਟੈਕਟਸ ਦੇ ਦੂਰਦਰਸ਼ੀ ਸੰਸਥਾਪਕ, ਨੂੰ ਗੋਆ ਵਿੱਚ ਆਯੋਜਿਤ ਇੰਡੀਅਨ ਇੰਸਟੀਚਿਊਟ ਆਫ ਆਰਕੀਟੈਕਟਸ (991) ਯੰਗ ਆਰਕੀਟੈਕਟ ਫੈਸਟੀਵਲ ਵਿੱਚ ਵੱਕਾਰੀ ਆਈ.ਆਈ.ਏ ਯੰਗ ਆਰਕੀਟੈਕਟ ਆਫ ਦਿ ਈਅਰ ਅਵਾਰਡ 2023 ਨਾਲ ਸਨਮਾਨਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 5 ਦੇਸ਼ਾਂ, 22 ਰਾਜਾਂ ਅਤੇ 73 ਸ਼ਹਿਰਾਂ ਵਿੱਚ ਇੱਕ ਸ਼ਾਨਦਾਰ ਮੌਜੂਦਗੀ ਦੇ ਨਾਲ, ਸਪੇਸ ਰੇਸ ਆਰਕੀਟੈਕਟਸ ਨੇ ਆਰਕੀਟੈਕਚਰਲ ਸੰਸਾਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਮੌਕੇ ਆਰਕੀਟੈਕਟ ਸਿੰਘ ਨੇ ਦੱਸਿਆ ਕਿ ਇਹ ਪੁਰਸਕਾਰ ਸਾਡੀ ਟੀਮ ਦੇ ਸਮਰਪਣ, ਜਨੂੰਨ ਅਤੇ ਆਰਕੀਟੈਕਚਰਲ ਉੱਤਮਤਾ ਦੀ ਨਿਰੰਤਰ ਕੋਸ਼ਿਸ਼ ਦਾ ਪ੍ਰਮਾਣ ਹੈ। ਅਸੀਂ ਪੂਰੀ ਟੀਮ ਸਮੇਤ ਇਸ ਮਾਨਤਾ ਲਈ ਆਈ ਆਈ ਏ ਦਾ ਧੰਨਵਾਦ ਕਰਦੇ ਹਾਂ।

ਕੰਗ ਸਾਹਿਬ ਰਾਏ ਵਾਸੀਆਂ ਸਰਬਸੰਮਤੀ ਨਾਲ ਚੁਣੀ ਪੰਚਾਇਤ

ਕਾਲਾ ਸੰਘਿਆਂ (ਮਨਜੀਤ ਮਾਨ)-ਬਲਾਕ ਨਕੋਦਰ ਅਧੀਨ ਪੈਂਦੇ ਪਿੰਡ ਕੰਗ ਸਾਹਿਬ ਰਾਏ ਵਿਖੇ ਸਮੂਹ ਨਗਰ ਵਾਸੀਆਂ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਅਤੇ ਪਿੰਡ ਦੀ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਦੇ ਹੋਏ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਪਹਿਲ ਕਦਮੀ ਕਰਦੇ ਹੋਏ ਸਰਬ ਸੰਮਤੀ ਨਾਲ ਨਵੀਂ ਪੰਚਾਇਤ ਚੁਣੀ ਹੈ। ਪਿੰਡ ਦੇ ਨੌਜਵਾਨ ਆਗੂ ਵੀਰ ਦਵਿੰਦਰ ਸਿੰਘ ਦੇ ਫਾਰਮ ਹਾਊਸ 'ਤੇ ਇਕੱਤਰ ਹੋਏ ਪਿੰਡ ਵਾਸੀਆਂ ਨੇ ਸਰਬ ਸੰਮ

30-SEP-PAGE-9.qxd 9/29/2024 9:35 PM Page 1

23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸ਼ਹੀਦ ਭਗਤ ਸਿੰਘ ਯੂਥ ਕਲੱਬ (ਰਜਿ.) ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਫਤਿਹਗੜ੍ਹ ਚੌਕ ਵਿਖੇ ਸਥਿਤ ਸ਼ਹੀਦਾਂ (ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ) ਦੇ ਬੁੱਤਾਂ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਕਲੱਬ ਦੇ ਪ੍ਰਧਾਨ ਅਰਵਿੰਦ ਬਿੰਦਰਾ ਅਤੇ ਚੇਅਰਮੈਨ ਰਾਕੇਸ਼ ਸੈਣੀ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ, ਸਾਬਕਾ ਮੰਤਰੀ ਵਿਜੇ ਸਾਂਪਲਾ ਅਤੇ ਡਾ. ਸੰਜੇ ਨਾਰਦ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੇਸ਼ ਵਾਸੀਆਂ ਨੂੰ ਸ਼ਹੀਦਾਂ ਦੇ ਵਿਚਾਰਾਂ 'ਤੇ ਪਹਿਰਾ ਦੇਣ ਅਤੇ ਦੇਸ਼ ਦੇ ਹਿੱਤ ਵਿੱਚ ਕੰਮ ਕਰਨ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਆਜ਼ਾਦ ਭਾਰਤ ਵਿੱਚ ਸਾਹ ਲੈ ਸਕੇ ਹਾਂ ਅਤੇ ਅਸੀਂ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੈ। ਇਸ ਦੌਰਾਨ ਵਿਜੇ ਸਾਂਪਲਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਸ਼ਹੀਦ ਭਗਤ ਸਿੰਘ ਹੀ ਨਹੀਂ ਬਲਕਿ ਹਰ ਸ਼ਹੀਦ ਦਾ, ਜਿਸ ਨੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰਕੇ ਸਾਨੂੰ ਆਜ਼ਾਦ ਕਰਵਾਇਆ। ਇਸ ਮੌਕੇ ਪ੍ਰਧਾਨ ਅਰਵਿੰਦ ਬਿੰਦਰਾ ਅਤੇ ਚੇਅਰਮੈਨ ਰਾਕੇਸ਼ ਸੈਣੀ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਾਡੀ ਖੁਸ਼ਕਿਸਮਤੀ ਹੈ ਕਿ ਸਾਨੂੰ ਆਪਣੇ ਸ਼ਹੀਦਾਂ ਦੇ ਦਰਸਾਏ ਮਾਰਗ ਤੇ ਚੱਲਣ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕਲੱਬ ਦੀ ਇਹ ਕੋਸ਼ਿਸ਼ ਹੈ ਕਿ ਸਮੇਂ-ਸਮੇਂ ਤੇ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਨੌਜਵਾਨਾਂ ਅਤੇ ਬੱਚਿਆਂ ਨੂੰ ਸ਼ਹੀਦਾਂ ਨਾਲ ਜੋੜਿਆ ਜਾਵੇ। ਇਸ ਮੌਕੇ ਲੰਗਰ ਵੀ ਅਤੁੱਟ ਵਰਤਾਇਆ ਗਿਆ।ਇਸ ਮੌਕੇ ਪੂਜਾ ਵਸ਼ਿਸ਼ਟ, ਬਾਬਾ ਰਵਿੰਦਰਨਾਥ ਖੁੱਲਰ, ਅਨਿਲ ਸੂਦ, ਡਾ.ਆਰ.ਪੀ ਜੈਰਥ, ਰਾਕੇਸ਼ ਬਲਗਨ, ਪੰਕਜ ਮਹਿਰਾ, ਸੰਦੀਪ ਠਾਕੁਰ, ਮੁਕੇਸ਼ ਕੁਮਾਰ, ਸਮਾਜ ਸੇਵੀ ਲਾਇਨ ਵਿਜੇ ਅਰੋੜਾ, ਚੇਤਨ ਸੂਦ, ਰਜਿੰਦਰ ਪਰਮਾਰ, ਐਡਵੋਕੇਟ ਲਵਕੇਸ਼ ਓਹਰੀ, ਮੁਕੇਸ਼ ਡਾਵਰ, ਡਾ. ਆਰਕੀਟੈਕਟ ਐਚ.ਐਸ.ਸੈਣੀ, ਅਵਤਾਰ ਸਿੰਘ ਸੈਣੀ, ਐਡਵੋਕੇਟ ਦੁਸ਼ਯੰਤ ਓਹਰੀ, ਮਨੋਜ ਦੱਤਾ, ਵਿਪਨ ਗੁਪਤਾ, ਲਵਕੇਸ਼ ਵਾਸੂਦੇਵ, ਐਡਵੋਕੇਟ ਬਲਜੀਤ ਵਾਲੀਆ, ਵਿਵੇਕ ਸੈਣੀ ਗੋਲਡੀ ਅਤੇ ਹੋਰ ਪਤਵੰਤਿਆਂ ਨੇ ਸ਼ਹੀਦ ਭਗਤ ਸਿੰਘ ਅਤੇ ਰਾਜਗੁਰੂ ਅਤੇ ਸੁਖਦੇਵ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਭਾਈ ਲਾਲੋ ਦੇ ਜਨਮ ਦਿਹਾੜੇ ਸਬੰਧੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਮੇਂ ਸੰਧਵਾਂ ਨੇ ਹਾਜ਼ਰੀ ਲਵਾਈ

ਮੋਹਾਲੀ (ਗੁਰਜੀਤ ਬਿੱਲਾ)-ਰਾਮਗੜ੍ਹੀਆ ਸਭਾ ਮੋਹਾਲੀ ਵਿਖੇ ਮਨਾਏ ਜਾ ਰਹੇ ਭਾਈ ਲਾਲੋ ਜੀ ਦੇ ਜਨਮ ਦਿਹਾੜੇ ਸਬੰਧੀ ਅਰੰਭ ਕੀਤੇ ਸ੍ਰੀ ਅਖੰਡ ਪਾਠ ਸਾਹਿਬ ਸਮੇਂ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਹਾਜ਼ਰੀ ਲਵਾਈ ਗਈ। ਲੋਕ ਕਲਿਆਣ ਕੇਂਦਰ ਰਾਮਗੜ੍ਹੀਆ ਸਭਾ (ਰਜਿ:) ਐੱਸ.ਏ.ਐੱਸ. ਨਗਰ ਮੋਹਾਲੀ ਵਿਖੇ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਦੇ ਪਹਿਲੇ ਅਨਿੰਨ ਸੇਵਕ ਬ੍ਰਹਮ ਗਿਆਨੀ ਭਾਈ ਲਾਲੋ ਦੇ ਜਨਮ ਸਮਾਗਮ ਸਬੰਧੀ ਨੂੰ ਪ੍ਰਧਾਨ ਸੂਰਤ ਸਿੰਘ ਕਲਸੀ ਅਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ। ਜਿਨ੍ਹਾਂ ਦੇ ਭੋਗ ਮਿਤੀ 29 ਸਤੰਬਰ ਨੂੰ ਪਾਏ ਜਾਣਗੇ ਅਤੇ ਮਹਾਨ ਕੀਰਤਨ ਦਰਬਾਰ ਸਜਾਇਆ ਜਾਵੇਗਾ। ਜਿਸ ਵਿੱਚ ਉੱਘੇ ਕਥਾ ਵਾਚਕ ਅਤੇ ਗੁਰੂ ਘਰ ਦੇ ਕੀਰਤਨੀਏ ਹਾਜ਼ਰੀਆਂ ਭਰਨਗੇ। ਇਸ ਦਿਹਾੜੇ ਤੇ ਜਿੱਥੇ ਬ੍ਰਹਮ ਗਿਆਨੀ ਭਾਈ ਲਾਲੋ ਜੀ ਦੀ ਜੀਵਨੀ ਤੇ ਕਥਾ ਵਿਚਾਰਾਂ ਹੋਣਗੀਆਂ ਉੱਥੇ ਹੀ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਜੱਥਾ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਭਾ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਹੂੰਜਣ ਨੇ ਦੱਸਿਆ ਕਿ ਪ੍ਰੋਗਰਾਮ ਦੇ ਅਰੰਭਤਾ ਵਾਲੇ ਦਿਨ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾ ਕੇ ਗਏ ਹਨ। ਉਨ੍ਹਾਂ ਵੱਲੋਂ ਭਵਨ ਵਿਖੇ ਚੱਲ ਰਹੇ ਕਾਰਜਾਂ ਲਈ ਆਪਣੇ ਅਖਤਿਆਰੀ ਕੋਟੇ ਵਿੱਚੋਂ 2 ਲੱਖ ਰੁਪਏ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਸਮੇਂ ਸਮੁੱਚੇ ਮੈਂਬਰਾਂ ਅਤੇ ਕਾਰਜਕਾਰੀ ਕਮੇਟੀ ਵੱਲੋਂ ਸੰਧਵਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਸਭਾ ਦੇ ਪ੍ਰਧਾਨ ਸੂਰਤ ਸਿੰਘ ਕਲਸੀ, ਦਰਸ਼ਨ ਸਿੰਘ ਕਲਸੀ, ਜਸਵੰਤ ਸਿੰਘ ਭੁੱਲਰ, ਪਰਮਜੀਤ ਸਿੰਘ ਖੁਰਲ, ਲਖਵੀਰ ਸਿੰਘ, ਤਰਸੇਮ ਸਿੰਘ ਖੱਖਰ ਹਾਜ਼ਰ ਸਨ।

ਮਕੜੌਨਾ ਸਕੂਲ 'ਚ ਗਣਿਤ ਅਧਿਆਪਕਾਂ ਦਾ ਟ੍ਰੇਨਿੰਗ ਸੈਮੀਨਾਰ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)-ਸਮਰੱਥਾ ਸੁਧਾਰ ਪ੍ਰੋਗਰਾਮ ਤਹਿਤ (ਸੀ ਈ ਪੀ) ਤਹਿਤ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਗਣਿਤ ਅਧਿਆਪਕਾਂ ਦਾ ਇੱਕ ਰੋਜ਼ਾ ਟ੍ਰੇਨਿੰਗ ਸੈਮੀਨਾਰ ਨਜ਼ਦੀਕੀ ਪਿੰਡ ਮਕੜੌਨਾ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਲਗਾਇਆ ਗਿਆ।ਰਿਸੋਰਸ ਪਰਸਨਜ਼ ਲਖਵਿੰਦਰ ਸਿੰਘ ਲੁਠੇੜੀ, ਮਨਦੀਪ ਸਿੰਘ ਜੱਸੜ ਅਤੇ ਤੇਜਿੰਦਰ ਸਿੰਘ ਬਾਜ਼ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸੰਜੀਵ ਕੁਮਾਰ ਗੌਤਮ ਦੀ ਰਹਿਨੁਮਾਈ, ਮੋਨਿਕਾ ਭੂਟਾਨੀ ਪ੍ਰਿੰਸੀਪਲ ਡਾਇਟ ਰੂਪਨਗਰ ਦੀ ਅਗਵਾਈ ਅਤੇ ਪ੍ਰਿੰਸੀਪਲ ਬਲਵੰਤ ਸਿੰਘ ਬਲਾਕ ਨੋਡਲ ਅਫਸਰ ਦੀ ਦੇਖ-ਰੇਖ ਹੇਠ ਵਿੱਚ ਲਗਾਏ ਇਸ ਕੈਂਪ ਵਿੱਚ ਬਲਾਕ ਦੇ ਸਾਰੇ ਗਣਿਤ ਅਧਿਆਪਕਾਂ ਨੇ ਭਾਗ ਲਿਆ।ਸੈਮੀਨਾਰ ਦੌਰਾਨ ਰਿਸੋਰਸ ਪਰਸਨਾਂ ਨੇ ਸੀ ਈ ਪੀ ਪ੍ਰੋਗਰਾਮ ਦੀ ਲੋੜ, ਕਾਰਜਵਿਧੀ, ਅਭਿਆਸ ਟੈਸਟਾਂ ਅਤੇ ਇਸ ਦੇ ਮੁਲਾਂਕਣ ਤੇ ਵਿਸ਼ਲੇਸ਼ਣ ਤੋਂ ਅਧਿਆਪਕਾਂ ਨੂੰ ਜਾਣੂੰ ਕਰਵਾਇਆ। ਸੈਮੀਨਾਰ ਦੇ ਨਿਰੀਖਣ ਲਈ ਪਹੁੰਚੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਵਿਪਨ ਕਟਾਰੀਆ ਨੇ ਹਾਜ਼ਰ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮਰੱਥਾ ਸੁਧਾਰ ਪ੍ਰੋਗਰਾਮ ਵਿਦਿਆਰਥੀਆਂ ਲਈ ਬੇਹੱਦ ਲਾਹੇਵੰਦ ਹੈ, ਇਸ ਲਈ ਅਧਿਆਪਕ ਇਸ ਨੂੰ ਹੋਰ ਗੰਭੀਰਤਾ ਨਾਲ ਲੈਣ।ਇਸ ਮੌਕੇ ਅਨੀਸ਼ ਕੁਮਾਰ, ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਮਨਿੰਦਰ ਕੌਰ, ਅੰਜੂ ਰਾਣੀ, ਪ੍ਰਿਅੰਕਾ ਮਹਿੰਦਰੂ, ਮਿਨਾਕਸ਼ੀ, ਪਰਮਿੰਦਰ ਕੌਰ, ਹਰਨੀਰ ਕੌਰ, ਰਮਨਦੀਪ ਕੌਰ, ਹਰਜੀਤ ਕੌਰ, ਰਵੀਨਾ ਸੈਣੀ, ਰਜੀਵ ਹੰਸ, ਵਰਿੰਦਰ ਵਰਮਾ, ਅਵਨੀਤ ਕੌਰ, ਬਲਵਿੰਦਰ ਸਿੰਘ, ਕਿਰਨਪ੍ਰੀਤ ਕੌਰ ਅਤੇ ਹਰਜੀਤ ਕੌਰ ਹਾਜ਼ਰ ਸਨ।

ਥਾਣਾ ਰਾਵਲਪਿੰਡੀ ਪੁਲਸ ਵੱਲੋਂ ਐੱਨ ਡੀ ਪੀ ਐੱਸ ਐਕਟ ਤਹਿਤ 2 'ਤੇ ਮਾਮਲਾ ਦਰਜ

ਫਗਵਾੜਾ (ਡਾ. ਰਮਨ)- ਵਤਸਲਾ ਗੁਪਤਾ ਐਸ ਐਸ ਪੀ ਸਾਹਿਬ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਰੁਪਿੰਦਰ ਕੋਰ ਭੱਟੀ ਐਸ.ਪੀ ਫਗਵਾੜਾ, ਦਲਜੀਤ ਸਿੰਘ ਉਪ ਪੁਲਸ ਕਪਤਾਨ ਫਗਵਾੜਾ ਦੀ ਰਹਿਨੁਮਾਈ ਹੇਠ ਭੈੜੇ ਪੁਰਸ਼ਾਂ ਖਿਲਾਫ ਚਲਾਈ ਮੁਹਿਮ ਦੌਰਾਨ ਇੰਸਪੈਕਟਰ ਬਲਵਿੰਦਰ ਸਿੰਘ ਭੁੱਲਰ 508/ਜੇ.ਆਰ ਮੁੱਖ ਅਫਸਰ ਥਾਣਾ ਰਾਵਲਪਿੰਡੀ ਫਗਵਾੜਾ ਦੀਆਂ ਹਦਾਇਤਾਂ 'ਤੇ ਗੁਰਵਿੰਦਰਪਾਲ 577/ਜਲੰ. ਸਮੇਤ ਪੁਲਸ ਪਾਰਟੀ ਦੇ ਗਸ਼ਤ ਬਾ ਤਲਾਸ਼ ਭੈੜੇ ਪੁਰਸ਼ਾ ਦੇ ਸਬੰਧ ਰਾਵਲਪਿੰਡੀ ਤੋ ਪਾਂਸ਼ਟਾ ਨੂੰ ਜਾਂਦੀ ਸੜਕ ਪਰ ਲਿੰਕ ਰੋਡ ਪ੍ਰੇਮਪੁਰ ਮੌਜੂਦ ਸੀ ਤਾਂ ਪਿੰਡ ਪ੍ਰੇਮਪੁਰ ਵੱਲੋਂ ਦੋ ਮੋਨੇ ਨੌਜਵਾਨ ਆਉਂਦੇ ਦਿਖਾਈ ਦਿੱਤੇ ਜੋ ਪੁਲਸ ਪਾਰਟੀ ਨੂੰ ਦੇਖ ਕੇ ਯਕਦਮ ਘਬਰਾ ਕੇ ਪਿਛਾਂਹ ਨੂੰ ਮੁੜਨ ਲੱਗੇ ਤਾਂ ਐਸ ਆਈ ਗੁਰਵਿੰਦਰਪਾਲ ਵੱਲੋਂ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਉਨ੍ਹਾਂ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਇਕ ਨੇ ਆਪਣਾ ਨਾਂ ਕੁਲਵੰਤ ਰਾਏ ਪੁੱਤਰ ਹਰੀਰਾਮ ਵਾਸੀ ਚਾਂਦਪੁਰ ਥਾਣਾ ਪਤਾਰਾ ਜ਼ਿਲ੍ਹਾ ਜਲੰਧਰ ਦੱਸਿਆ ਅਤੇ ਦੂਸਰੇ ਨੇ ਆਪਣਾ ਨਾਂ ਹਰੀਸ਼ ਨਾਹਰ ਪੁੱਤਰ ਤਰਸੇਮ ਲਾਲ ਵਾਸੀ ਚਾਂਦਪੁਰ ਥਾਣਾ ਪਤਾਰਾ ਜ਼ਿਲ੍ਹਾ ਜਲੰਧਰ ਦੱਸਿਆ। ਜਿਨ੍ਹਾਂ ਦੀ ਤਲਾਸ਼ੀ ਦੌਰਾਨ 4 ਗ੍ਰਾਮ ਹੈਰੋਇਨ ਬਰਾਮਦ ਹੋਈ। ਜਿਸ 'ਤੇ ਮੁੱਕਦਮਾ ਦਰਜ ਕੀਤਾ ਗਿਆ।

ਸ਼ਹੀਦ ਭਗਤ ਸਿੰਘ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ : ਪ੍ਰਿੰਸੀਪਲ ਪਰਵਿੰਦਰ ਕੌਰ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਮ.ਐਸ.ਕੇ.ਡੇ ਬੋਰਡਿੰਗ ਸੀ.ਬੀ.ਐਸ.ਈ ਸੈਕੰਡਰੀ ਸਕੂਲ ਕੋਟਲੀ ਜੰਡ ਵਿਖੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼ਹੀਦ-ਏ-ਆਜ਼ਮ ਸ੍ਰ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ।ਪ੍ਰਿੰਸੀਪਲ ਪਰਵਿੰਦਰ ਕੌਰ ਦੀ ਅਗਵਾਈ ਹੇਠ ਬੱਚਿਆਂ ਦੇ ਲੇਖ ਪ੍ਰਤੀਯੋਗਤਾ ਅਤੇ ਚਿੱਤਰਕਾਰੀ ਦੇ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੇ ਸ਼ਹੀਦ ਭਗਤ ਸਿੰਘ ਦੀ ਜੀਵਨੀ 'ਤੇ ਅਧਾਰਤ ਲੇਖ ਲਿਖੇ ਅਤੇ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਸ਼ਾਨਦਾਰ ਚਿੱਤਰਕਾਰੀ ਕੀਤੀ। ਇਸ ਦੇ ਨਾਲ - ਨਾਲ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਨਾਟਕ ਵੀ ਕੀਤਾ। ਜੇਤੂ ਰਹੇ ਬੱਚਿਆਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਕੌਰ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਭਾਰਤ ਨੂੰ ਆਜ਼ਾਦ ਕਰਵਾਉਣ ਵਿੱਚ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਦਾ ਬਲਿਦਾਨ ਭਾਰਤ ਵਾਸੀ ਕਦੀ ਭੁੱਲ ਨਹੀਂ ਸਕਦੇ । ਇਸ ਮੌਕੇ ਮਨਦੀਪ ਕੌਰ, ਨਰਿੰਦਰ ਕੌਰ, ਰਜਨੀ ਬਾਲਾ, ਨੀਰਜ ਕੁਮਾਰ, ਆਗਿਆ ਕੌਰ, ਪਰਦੀਪ ਸਿੰਘ, ਮਨਮੋਹਨ ਸਿੰਘ, ਗੁਰਸ਼ਰਨ ਕੌਰ ਅਤੇ ਸਿਮਰਨਜੀਤ ਕੌਰ ਸ਼ਾਮਲ ਸਨ।

ਐੱਨ ਐੱਸ ਐੱਸ ਦਿਵਸ ਨੂੰ ਸਮਰਪਤ ਸਵੱਛਤਾ ਅਭਿਆਨ

ਮੋਹਾਲੀ (ਗੁਰਜੀਤ ਬਿੱਲਾ)- ਰਿਆਤ ਬਾਹਰਾ ਯੂਨੀਵਰਸਿਟੀ ਦੇ ਐਨ ਐਸ ਐਸ ਵਿਭਾਗ ਵੱਲੋਂ 'ਸਵੱਛਤਾ ਹੀ ਸੇਵਾ' ਵਿਸ਼ੇ ਤਹਿਤ ਐਨ ਐਸ ਐਸ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਐਨ ਐਸ ਐਸ ਪੰਜਾਬ ਦੇ ਡਿਪਟੀ ਡਾਇਰੈਕਟਰ ਕੁਲਵਿੰਦਰ ਸਿੰਘ ਮੁੱਖ ਮਹਿਮਾਨ ਅਤੇ ਐਸ ਐਨ ਓ ਪੰਜਾਬ ਰੁਪਿੰਦਰ ਕੌਰ ਗੈਸਟ ਆਫ ਆਨਰ ਸਨ। ਸਮਾਗਮ ਦੌਰਾਨ ਯੂਨੀਵਰਸਿਟੀ ਦੇ ਡਾਇਰੈਕਟਰ (ਐਨ ਐਸ ਐਸ) ਏ ਐਸ ਚਾਹਲ, ਐਨ ਐਸ ਐਸ ਵਲੰਟੀਅਰਾਂ ਨਾਲ ਹਾਜ਼ਰ ਸਨ। ਇਸ ਮੌਕੇ ਐਨ.ਐਸ.ਐਸ ਵਲੰਟੀਅਰਾਂ ਨੇ ਯੂਨੀਵਰਸਿਟੀ ਕੈਂਪਸ ਦੇ ਨਾਲ ਆਸ-ਪਾਸ ਦੇ ਖੇਤਰਾਂ ਵਿੱਚ ਸਫਾਈ ਮੁਹਿਮ ਚਲਾਈ। 'ਏਕ ਰੁੱਖ ਮਾਂ ਕੇ ਨਾਮ' ਥੀਮ ਤਹਿਤ ਰੁੱਖ ਲਗਾਏ ਗਏ। ਪੌਦੇ ਲਗਾਉਣ ਦੀ ਮੁਹਿਮ ਦੌਰਾਨ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ ਚਾਂਸਲਰ ਡਾ: ਪਰਵਿੰਦਰ ਸਿੰਘ ਵੀ ਹਾਜ਼ਰ ਸਨ। ਇੰਸਪੈਕਟਰ ਅਮਨਦੀਪ ਸਿੰਘ ਵੱਲੋਂ ਸਾਈਬਰ ਕ੍ਰਾਈਮ ਬਾਰੇ ਲੈਕਚਰ ਕਰਵਾਇਆ ਗਿਆ। ਇਸ ਮੌਕੇ ਜੈਦੀਪ ਸਿੰਘ ਨੇ ਹੋਰ ਐਨ ਐਸ ਐਸ ਵਾਲੰਟੀਅਰਾਂ ਨਾਲ 'ਬੇਟੀ ਬਚਾਓ ਬੇਟੀ ਪੜ੍ਹਾਓ' ਨਾਟਕ ਦਾ ਮੰਚਨ ਕੀਤਾ। ਵਿਦਿਆਰਥੀਆਂ ਵੱਲੋਂ ਭੰਗੜਾ, ਡਾਂਸ ਅਤੇ ਗਾਇਨ ਸਮੇਤ ਹੋਰ ਸੱਭਿਆਚਾਰਕ ਆਈਟਮਾਂ ਵੀ ਪੇਸ਼ ਕੀਤੀਆਂ ਗਈਆਂ। ਡਿਪਟੀ ਡਾਇਰੈਕਟਰ ਕੁਲਵਿੰਦਰ ਸਿੰਘ ਅਤੇ ਐਸ ਐਨ ਓ ਪੰਜਾਬ ਰੁਪਿੰਦਰ ਕੌਰ ਨੇ ਐਨ ਐਸ ਐਸ ਵਲੰਟੀਅਰਾਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਐਨ.ਐਸ.ਐਸ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਨਿਰਸਵਾਰਥ ਸੇਵਾ 'ਤੇ ਜ਼ੋਰ ਦਿੱਤਾ

ਲਾਲ ਵਿਸ਼ਵਾਸ ਬੈਂਸ ਨੇ ਐੱਸ ਡੀ ਐੱਮ ਨਕੋਦਰ ਦਾ ਅਹੁਦਾ ਸੰਭਾਲਿਆ

ਨਕੋਦਰ (ਮਨਜੀਤ ਮਾਨ)- ਪੰਜਾਬ ਸਰਕਾਰ ਨੇ ਉਪ ਮੰਡਲ ਮੈਜਿਸਟਰੇਟ ਐਸ ਡੀ ਐਮ ਅੰਮ੍ਰਿਤਸਰ 2 ਲਾਲ ਵਿਸ਼ਵਾਸ ਬੈਂਸ ਨੇ ਨਕੋਦਰ ਦਾ ਐਸ ਡੀ ਐਮ ਨਿਯੁਕਤ ਹੋਣ 'ਤੇ ਆਪਣਾ ਅਹੁਦਾ ਸੰਭਾਲ ਲਿਆ ਹੈ। ਲਾਲ ਵਿਸ਼ਵਾਸ ਬੈਂਸ ਇੱਕ ਬਹੁਤ ਹੀ ਇਮਾਨਦਾਰ, ਸੂਝਵਾਨ ਅਫਸਰ ਹਨ ਜੋ ਕਪੂਰਥਲਾ, ਸ਼ਾਹਕੋਟ ਅੰਮ੍ਰਿਤਸਰ, ਨਕੋਦਰ ਤੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ ਤੇ ਅੱਜ ਕੱਲ੍ਹ ਨਕੋਦਰ ਵਿਖੇ ਆਪਣੀਆਂ ਬਾਖੂਬੀ ਨਾਲ ਐਸ ਡੀ ਐਮ

30-SEP-PAGE-10.qxd 9/29/2024 9:02 PM Page 1

ਤਿਉਹਾਰਾਂ ਦੇ ਮੱਦੇਨਜ਼ਰ ਵਾਹਨਾਂ ਦੀ ਚੈਕਿੰਗ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)- ਜ਼ਿਲ੍ਹਾ ਪੁਲਸ ਮੁਖੀ ਦੀਆਂ ਹਦਾਇਤਾਂ 'ਤੇ ਸਥਾਨਕ ਬੰਦਾ ਸਿੰਘ ਬਹਾਦਰ ਚੌਕ ਵਿਖੇ ਟ੍ਰੈਫਿਕ ਪੁਲਸ ਸਮਾਣਾ ਵੱਲੋਂ ਤਿਉਹਾਰ ਦੇ ਮੱਦੇਨਜ਼ਰ ਵਾਹਨਾਂ ਦੀ ਚੈਕਿੰਗ ਕੀਤੀ ਗਈ ਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ।ਇਸ ਮੌਕੇ ਟ੍ਰੈਫਿਕ ਇੰਚਾਰਜ ਸੇਵਕ ਸਿੰਘ ਨੇ ਵਾਹਨਾਂ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਦੇ ਕਾਗਜ਼ ਆਪਣੇ ਕੋਲ ਜ਼ਰੂਰ ਪੂਰੇ ਕਰਕੇ ਰੱਖਣ ਤੇ ਕੋਈ ਵੀ ਵਿਅਕਤੀ ਨਸ਼ੇ ਦਾ ਸੇਵਨ ਕਰਕੇ ਵਾਹਨ ਨਾ ਚਲਾਵੇ।ਇਸ ਮੌਕੇ ਐੱਚ ਸੀ ਜਸਪਾਲ ਸਿੰਘ ਤੇ ਦਰਸ਼ਨ ਸਿੰਘ ਵੀ ਮੌਜੂਦ ਸਨ।

ਮਾਤਾ ਗੁਜਰੀ ਸਕੂਲ ਦੀ ਖੇਡਾਂ ਵਤਨ ਦੀਆਂ 'ਚ ਸਰਦਾਰੀ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇਵੀਗੜ੍ਹ ਦੇ ਖਿਡਾਰੀਆਂ ਨੇ ਪਿਛਲੀ ਦਿਨੀਂ ਹੋਣ ਵਾਲੀਆਂ ਖੇਡਾਂ ਵਤਨ ਪੰਜਾਬ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਗੇਮ ਕਿੱਕ ਬਾਕਸਿੰਗ, ਜੋ ਕਿ ਰਿੰਕ ਹਾਲ ਬਾਰਾਦਰੀ ਵਿੱਚ ਲਾਈਟ ਕੰਟੈਕਟ ਕਰਵਾਏ ਗਏ ਤੇ ਫੁੱਲ ਕੰਟੈਕਟ ਪੋਲੋਗਰਾਊਂਡ ਪਟਿਆਲਾ ਵਿਖੇ ਕਰਵਾਏ ਗਏ, ਜਿਸ ਵਿੱਚ ਪਟਿਆਲਾ ਦੇ ਵੱਖ ਵੱਖ ਜ਼ੋਨ ਦੇ ਸਕੂਲਾਂ, ਕਾਲਜਾਂ ਤੇ ਅਕੈਡਮੀਆਂ ਦੇ ਖਿਡਾਰੀਆਂ ਨੇ ਭਾਗ ਲਿਆ।ਮਾਤਾ ਗੁਜਰੀ ਦੇ ਦੋ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਵਿੱਚ ਨੌਵੀਂ ਜਮਾਤ ਦੇ ਹਰਕੀਰਤ ਸਿੰਘ ਨੇ ਅੰਡਰ-17 ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਤੇ ਗਿਆਰਵੀਂ ਜਮਾਤ ਦੇ ਸ਼ਾਨਵੀਰ ਸਿੰਘ ਨੇ ਅੰਡਰ-21 ਵਿੱਚ ਦੂਸਰਾ ਸਥਾਨ ਹਾਸਲ ਕੀਤਾ ਅਤੇ ਆਪਣੇ ਸਕੂਲ ਦਾ ਨਾਂਅ ਰੋਸ਼ਨ ਕੀਤਾ।ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮੈਡਮ ਰਵਿੰਦਰ ਕੌਰ, ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਿੰ. ਤਰਨਦੀਪ ਕੌਰ ਅਰੋੜਾ, ਅਕਾਦਮਿਕ ਡਾਇਰੈਕਟਰ ਤਜਿੰਦਰ ਕੌਰ ਤੇ ਕੋਚ ਹਰਦੀਪ ਕੁਮਾਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਉਪਲਬਧੀ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਕੋਆਪ੍ਰੇਟਿਵ ਇੰਸਪੈਕਟਰ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ, ਚਹਿਲ ਪ੍ਰਧਾਨ ਤੇ ਭਾਟੀਆ ਸਕੱਤਰ ਬਣੇ

ਮਾਨਸਾ (ਆਤਮਾ ਸਿੰਘ ਪਮਾਰ)-ਕੋਆਪ੍ਰੇਟਿਵ ਇੰਸਪੈਕਟਰ ਐਸੋਸੀਏਸ਼ਨ ਜ਼ਿਲ੍ਹਾ ਮਾਨਸਾ ਦੀ ਸਰਬਸੰਮਤੀ ਨਾਲ ਹੋਈ ਚੋਣ 'ਚ ਸੁਖਚਰਨਜੀਤ ਸਿੰਘ ਚਹਿਲ ਪ੍ਰਧਾਨ ਤੇ ਜਪਨੀਸ਼ ਭਾਟੀਆ ਸਕੱਤਰ ਚੁਣੇ ਗਏ।ਬਾਕੀ ਅਹੁਦੇਦਾਰਾਂ ਵਿੱਚ ਅਮਨਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਲਸ਼ਨ ਗੋਇਲ ਮੀਤ ਪ੍ਰਧਾਨ, ਮਾਲਵਿੰਦਰ ਸਿੰਘ ਖ਼ਜ਼ਾਨਚੀ, ਪ੍ਰਿਅੰਕਾ ਰਾਣੀ ਪ੍ਰੈੱਸ ਸਕੱਤਰ ਤੇ ਕਰਮਜੀਤ ਸਿੰਘ ਸਲਾਹਕਾਰ ਚੁਣੇ ਗਏ।ਇਸ ਮੌਕੇ ਸੰਬੋਧਨ ਕਰਦਿਆਂ ਨਵੇਂ ਚੁਣੇ ਪ੍ਰਧਾਨ ਤੇ ਸਕੱਤਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਦੇ ਨਿਯਮ 30 ਅਨੁਸਾਰ ਸੁਸਾਇਟੀਆਂ ਦਾ ਰਿਕਾਰਡ ਸਕੱਤਰ ਵੱਲੋਂ ਤਸਦੀਕ ਕੀਤਾ ਜਾਵੇਗਾ ਤੇ ਸਾਲਸੀ ਕੇਸਾਂ ਦੀ ਸੁਣਵਾਈ ਲਈ ਮੁੱਢਲਾ ਢਾਂਚਾ ਮੁਹੱਈਆ ਕਰਵਾਉਣ ਲਈ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ, ਲਵਪ੍ਰੀਤ ਸ਼ਰਮਾ, ਕੁਲਵੀਰ ਸਿੰਘ, ਚਿੰਕੂ, ਜਸਕਰਨ ਸਿੰਘ, ਗੌਤਮ ਸਿੰਗਲਾ, ਜਸਪ੍ਰੀਤ ਕੌਰ, ਖੁਸ਼ਵਿੰਦਰ ਸਿੰਘ, ਅੰਕੁਸ਼ ਸਿੰਗਲਾ ਆਦਿ ਹਾਜ਼ਰ ਸਨ।

ਕਿਡਜ਼ੀ ਤੇ ਮਾਊਂਟ ਲਿਟਰਾ ਜੀ ਸਕੂਲ 'ਚ ਲਗਾਇਆ ਇਨ ਹਾਊਸ ਪਿਕਨਿਕ

ਬਾਘਾ ਪੁਰਾਣਾ (ਮਨੀ ਸਿੰਗਲਾ)- ਬੱਚਿਆਂ ਦੇ ਸਰਬਪੱਖੀ ਵਿਕਾਸ ਲਈ, ਸਿਰਫ਼ ਪੜ੍ਹਾਈ ਹੀ ਕਾਫ਼ੀ ਨਹੀਂ ਹੈ, ਬੱਚਿਆਂ ਲਈ ਧੁੱਪ, ਖੁੱਲ੍ਹੀ ਹਵਾ, ਆਜ਼ਾਦੀ ਤੇ ਖੇਡਣ ਦਾ ਸਮਾਂ ਵੀ ਉਨਾ ਹੀ ਮਹੱਤਵਪੂਰਨ ਹੈ। ਕਿਡਜ਼ੀ ਤੇ ਮਾਊਂਟ ਲਿਟਰਾ ਜੀ ਸਕੂਲ ਵਿਖੇ ਅਸੀਂ ਕੰਮ ਤੇ ਖੇਡਣ ਨੂੰ ਬਰਾਬਰ ਮਹੱਤਵ ਦੇਣ ਵਿੱਚ ਵਿਸ਼ਵਾਸ ਰੱਖਦੇ ਹਾਂ।ਇਸੇ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਗਰਮੀ ਨੂੰ ਹਰਾਉਣ ਲਈ, ਕਿਡਜ਼ੀ ਤੇ ਮਾਊਂਟ ਲਿਟਰਾ ਨੇ ਗ੍ਰੇਡ ਜੂਨੀਅਰ ਕੇ ਜੀ ਤੋਂ ਗ੍ਰੇਡ 5 ਲਈ 'ਇਨ-ਹਾਊਸ ਪਿਕਨਿਕ' ਦਾ ਆਯੋਜਨ ਕੀਤਾ। ਇਸ ਵਿੱਚ ਜੰਪਿੰਗ ਰਾਈਡ, ਸਵਿਮਿੰਗ ਪੂਲ, ਰੇਨ ਡਾਂਸ, ਝੂਲੇ, ਸੰਗੀਤ ਤੇ ਡਾਂਸ, ਟ੍ਰੇਨ ਰਾਈਡ, ਤੀਰਅੰਦਾਜ਼ੀ, ਮਿੰਨੀ ਪੈਂਡੂਲਮ, ਕਮਾਂਡੋ ਨਟ ਐਡਵੈਂਚਰ, ਰੋਪ ਵਾਕਿੰਗ ਤੇ ਹੋਰ ਬਹੁਤ ਸਾਰੇ ਝੂਲੇ ਸ਼ਾਮਲ ਸਨ।ਸਕੂਲ ਦੇ ਅਧਿਆਪਕਾਂ ਦੀ ਦੇਖ-ਰੇਖ ਹੇਠ ਨਿੱਕੇ-ਨਿੱਕੇ ਬੱਚਿਆਂ ਨੇ ਆਨੰਦ ਮਾਣਿਆ।ਚੇਅਰਮੈਨ ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਇਸ ਨੂੰ ਬੱਚਿਆਂ ਲਈ ਲਾਹੇਵੰਦ ਦੱਸਿਆ ਤੇ ਐਲਾਨ ਕੀਤਾ ਕਿ ਭਵਿੱਖ ਵਿੱਚ ਅਜਿਹੇ ਮਨੋਰੰਜਨ ਪ੍ਰੋਜੈਕਟ ਲਗਾਤਾਰ ਕੀਤੇ ਜਾਣਗੇ।ਸੈਂਟਰ ਹੈੱਡ ਮੈਡਮ ਪਰਮਿੰਦਰ ਕੌਰ ਨੇ ਕਿਹਾ ਕਿ ਸਰੀਰ ਦੇ ਵਿਕਾਸ ਲਈ ਬੱਚਿਆਂ ਦਾ ਪੜ੍ਹਾਈ ਦੇ ਨਾਲ ਮਨੋਰੰਜਨ ਤੇ ਖੇਡਾਂ ਵਿੱਚ ਸ਼ਾਮਲ ਹੋਣਾ ਅੱਜ ਦੇ ਤਣਾਅਪੂਰਨ ਸਮੇਂ ਦੀ ਲੋੜ ਬਣ ਚੁੱਕਾ ਹੈ।ਇਸ ਮੌਕੇ ਮੈਡਮ ਖੁਸ਼ਪ੍ਰੀਤ ਕੌਰ ਨੇ ਵੀ ਬੱਚਿਆਂ ਨੂੰ ਬਹੁਤ ਉਤਸ਼ਾਹਤ ਕੀਤਾ।ਮਾਊਂਟ ਲਿਟਰਾ ਕੋਆਰਡੀਨੇਟਰ ਮੈਡਮ ਮਿੰਨੀ ਬਾਲਾ ਤੇ ਕਿਡਜ਼ੀ, ਕੋਆਰਡੀਨੇਟਰ ਮੈਡਮ ਗੁੰਜਨਦੀਪ ਢਿੱਲੋਂ ਨੇ ਕਿਹਾ ਕਿ ਵਿਦਿਆਰਥੀ ਬਹੁਤ ਉਤਸ਼ਾਹਤ ਨਜ਼ਰ ਆ ਰਹੇ ਸਨ ਅਤੇ ਵਿਦਿਆਰਥੀਆਂ ਦੀ ਖੁਸ਼ੀ ਉਨ੍ਹਾਂ ਦੇ ਚੇਹਰਿਆਂ ਤੋਂ ਝਲਕ ਰਹੀ ਸੀ।

ਆਜ਼ਾਦ ਸਮਾਜ ਪਾਰਟੀ ਕਾਂਸ਼ੀ ਰਾਮ ਪੰਚਾਇਤੀ ਚੋਣਾਂ 'ਚ ਉਤਾਰੇਗੀ ਉਮੀਦਵਾਰ : ਮਾਹੀ/ਸਮਾਓਂ

ਮਾਨਸਾ (ਆਤਮਾ ਸਿੰਘ ਪਮਾਰ)-ਆਜ਼ਾਦ ਸਮਾਜ ਪਾਰਟੀ ਕਾਂਸ਼ੀ ਰਾਮ ਵੱਲੋਂ ਪੰਚਾਇਤੀ ਚੋਣਾਂ 'ਚ ਆਪਣੇ ਉਮੀਦਵਾਰ ਚੋਣ ਮੈਦਾਨ 'ਚ ਉਤਾਰਨ ਦਾ ਫੈਸਲਾ ਕੀਤਾ ਗਿਆ ਹੈ।ਪ੍ਰੈੱਸ ਬਿਆਨ ਜਾਰੀ ਕਰਦਿਆਂ ਪਾਰਟੀ ਦੇ ਪੰਜਾਬ ਇੰਚਾਰਜ ਹਿਤੇਸ਼ ਮਾਹੀ ਤੇ ਸੂਬਾ ਕਮੇਟੀ ਮੈਂਬਰ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਜਿੱਥੇ ਵੱਡੇ ਕਾਰਪੋਰੇਟ ਘਰਾਣਿਆਂ ਨੇ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਆਪਣੀ ਜਕੜ 'ਚ ਲਿਆ ਹੋਇਆ ਹੈ, ਜਿਸ ਕਾਰਨ ਸੱਤਾਧਾਰੀ ਹਾਕਮਾਂ ਵੱਲੋਂ ਨੀਤੀਆਂ ਪਾਸ ਕਰਨ ਸਮੇਂ ਦੇਸ਼ ਦੀ ਆਮ ਜਨਤਾ ਨੂੰ ਨਜ਼ਰਅੰਦਾਜ਼ ਕਰਕੇ ਵੱਡੇ ਪੂੰਜੀਪਤੀ ਘਰਾਣਿਆਂ ਦੇ ਹਿੱਤ ਪੂਰੇ ਜਾਂਦੇ ਹਨ, ਉਸੇ ਤਰ੍ਹਾਂ ਪੇਂਡੂ ਧਨਾਢ ਤੇ ਪੂੰਜੀਪਤੀ ਲੋਕ ਗ੍ਰਾਮ ਪੰਚਾਇਤਾਂ 'ਤੇ ਕਬਜ਼ੇ ਕਰਨ ਲਈ ਸਰਬਸੰਮਤੀ ਦੇ ਨਾਂ 'ਤੇ ਸਰਪੰਚੀ ਦੀ ਕੁਰਸੀ ਦੀ 25 ਲੱਖ ਤੋਂ ਲੈ ਕੇ 50 ਲੱਖ ਤੱਕ ਦੀਆਂ ਬੋਲੀਆਂ ਲਗਾ ਰਹੇ ਹਨ।ਆਗੂਆਂ ਨੇ ਕਿਹਾ ਕਿ ਪੰਚਾਇਤੀ ਚੋਣਾਂ ਵਿੱਚ ਇਮਾਨਦਾਰ ਤੇ ਕਿਸਾਨਾਂ, ਮਜ਼ਦੂਰਾਂ ਦੇ ਹੱਕਾਂ ਵਿੱਚ ਸਾਥ ਦੇਣ ਵਾਲੇ ਨੁਮਾਇੰਦਿਆਂ ਦੀ ਲੋੜ ਹੈ। ਉਨ੍ਹਾਂ ਚੋਣ ਕਮਿਸ਼ਨ ਵੱਲੋਂ ਸਰਪੰਚੀ ਤੇ ਪੰਚ ਦੇ ਉਮੀਦਵਾਰਾਂ ਲਈ ਬੋਲੋੜੀਆਂ ਸ਼ਰਤਾਂ ਰੱਖਣ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਪੰਚਾਇਤੀ ਚੋਣਾਂ ਵਿੱਚੋਂ ਆਮ ਲੋਕਾਂ ਨੂੰ ਬਾਹਰ ਕੱਢਣਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਆਜ਼ਾਦ ਸਮਾਜ ਪਾਰਟੀ ਕਾਂਸ਼ੀ ਰਾਮ ਦੇ ਨੁਮਾਇੰਦੇ ਪਿੰਡਾਂ ਦੇ ਸਮਾਨ ਵਿਕਾਸ ਤੇ ਗਰੀਬਾਂ ਨੂੰ ਸਹੂਲਤਾਂ ਦੇਣ ਲਈ ਬਚਨਬੱਧ ਹਨ ਅਤੇ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਵਿੱਚ ਮੋਹਰੀ ਭੂਮਿਕਾ ਅਦਾ ਕਰਨਗੇ।

ਨਿਰਮਲ ਸਿੰਘ ਸਰਬਸੰਮਤੀ ਨਾਲ ਪੰਚ ਬਣੇ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪਿੰਡ ਨਿਆਲ ਦੇ ਸੁਝਵਾਨ ਵੋਟਰਾਂ ਵੱਲੋਂ ਸਰਬ ਸੰਮਤੀ ਨਾਲ ਸ੍ਰ. ਨਿਰਮਲ ਸਿੰਘ ਗਿੱਲ ਨੂੰ ਵਾਰਡ ਨੰਬਰ 8 ਤੋਂ ਸਰਬਸੰਮਤੀ ਨਾਲ ਪੰਚਾਇਤ ਮੈਂਬਰ ਚੁਣਿਆ ਗਿਆ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਿਰਮਲ ਸਿੰਘ ਗਿੱਲ ਨੇ ਪਿੰਡ ਦੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਨ੍ਹਾਂ ਵੋਟਰਾਂ ਨੇ ਆਪਣਾ ਵਿਸ਼ਵਾਸ ਜਤਾਉਂਦੇ ਹੋਏ ਉਨ੍ਹਾਂ ਨੂੰ ਸਰਬਸੰਮਤੀ ਨਾਲ ਪੰਚਾਇਤ ਮੈਂਬਰ ਵਜੋਂ ਚੁਣਿਆ ਹੈ, ਉਨ੍ਹਾਂ ਦੇ ਵਿਸ਼ਵਾਸ ਨੂੰ ਕਾਇਮ ਰੱਖਦੇ ਹੋਏ ਉਹ ਪਿੰਡ ਦੇ ਸਰਬਪੱਖੀ ਵਿਕਾਸ ਲਈ ਤਨ-ਮਨ ਨਾਲ ਕੰਮ ਕਰਨਗੇ।ਇਸ ਮੌਕੇ ਜਗਸੀਰ ਸਿੰਘ, ਗੁਰਤੇਜ ਸਿੰਘ, ਹਰਚਰਨ ਸਿੰਘ, ਗੀਤੀ ਸਿੰਘ, ਪ੍ਰੇਮ ਪਾਲ ਸ਼ਰਮਾ, ਹਰਪਾਲ ਸਿੰਘ, ਗੇਜਾ ਸਿੰਘ, ਗੋਰਬ ਕੁਮਾਰ, ਕਾਲਾ ਸਿੰਘ, ਸੋਨੀ ਸਿੰਘ, ਅੌਜਾ ਸਿੰਘ, ਚੰਦ ਸਿੰਘ, ਭੋਲਾ ਸਿੰਘ, ਮਾਸਟਰ ਹਰਬਲਾਸ ਸਿੰਘ, ਬਿੱਟੂ ਸਿੰਘ, ਗੁਰਦੀਪ ਸਿੰਘ ਆਦਿ ਹਾਜ਼ਰ ਸਨ।

ਗਿਆਨ ਸਾਗਰ ਸਕੂਲ ਦੇ ਬੱਚਿਆਂ ਪੰਜਾਬ ਪੱਧਰ 'ਤੇ ਜਿੱਤੇ ਤਮਗੇ

ਬਰੇਟਾ (ਗੋਬਿੰਦ ਸ਼ਰਮਾ)-ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਦੇ ਬੱਚਿਆਂ ਨੇ ਪਿਛਲੇ ਦਿਨੀਂ ਪਠਾਨਕੋਟ ਵਿਖੇ ਹੋਈਆਂ ਕਰਾਟੇ ਪੰਜਾਬ ਪੱਧਰੀ ਸਕੂਲ ਖੇਡਾਂ ਵਿੱਚ ਹਿੱਸਾ ਲਿਆ।ਇਨ੍ਹਾਂ ਖੇਡਾਂ ਵਿੱਚ ਗਿਆਨ ਸਾਗਰ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਪਹਿਲਾਂ ਜ਼ੋਨ ਪੱਧਰ ਵਿੱਚ ਜਿੱਤ ਪ੍ਰਾਪਤ ਕੀਤੀ ਤੇ ਫਿਰ ਜ਼ਿਲ੍ਹਾ ਪੱਧਰ ਵਿੱਚੋਂ ਜਿੱਤ ਕੇ ਪੰਜਾਬ ਪੱਧਰ ਲਈ ਸਲੈਕਟ ਹੋਏ ਅਤੇ ਇਨ੍ਹਾਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਪੱਧਰ ਵਿੱਚੋਂ ਮੈਡਲ ਜਿੱਤੇ।ਅਰਸ਼ਪ੍ਰੀਤ ਸਿੰਘ ਗਿਆਰਵੀਂ ਜਮਾਤ ਬਰਾਊਨ ਮੈਡਲ, ਪ੍ਰਗਟ ਸਿੰਘ ਨੌਵੀਂ ਜਮਾਤ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ।ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਇਸ ਜਿੱਤ ਦਾ ਸਿਹਰਾ ਕੋਚ ਅਮਨਦੀਪ ਸਿੰਘ ਤੇ ਡੀ ਪੀ ਬੱਬੂ ਸਿੰਘ ਦੇ ਸਿਰ ਬੰਨ੍ਹਿਆ। ਬੱਚਿਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਬੱਚਿਆਂ ਨੂੰ ਗੇਮਾਂ ਪ੍ਰਤੀ ਹੋਰ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਪਹਿਲੀ ਤੋਂ ਸਰਕਾਰੀ ਖਰੀਦ ਹੋਵੇਗੀ ਸ਼ੁਰੂ, ਸ਼ੈਲਰ ਮਾਲਕਾਂ ਦਾ ਰੇੜਕਾ ਜਾਰੀ

■ ਖੁਰਾਕ ਸਪਲਾਈ ਵਿਭਾਗ ਸਮੱਸਿਆ ਨੂੰ ਹੱਲ ਕਰਨ 'ਚ ਰੁੱਝਾ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਜਿੱਥੇ ਸੂਬੇ ਦੀਆਂ ਅਨਾਜ ਮੰਡੀਆਂ ਵਿੱਚ 1 ਅਕਤੂਬਰ ਤੋਂ ਸਰਕਾਰੀ ਹੁਕਮਾਂ ਅਨੁਸਾਰ ਝੋਨੇ ਦੀ ਖਰੀਦ ਸ਼ੁਰੂ ਹੋਣ ਜਾ ਰਹੀ ਹੈ, ਉੱਥੇ ਸ਼ੈਲਰ ਮਾਲਕਾਂ ਤੇ ਆੜ੍ਹਤੀਆਂ ਵੱਲੋਂ ਆਪਣੀਆਂ ਮੰਗਾਂ ਦਾ ਪਾਇਆ ਰੇੜਕਾ ਜਾਰੀ ਹੈ, ਜਿਸ ਨੂੰ ਖੁਰਾਕ ਸਪਲਾਈ ਵਿਭਾਗ ਸੁਲਝਾਉਣ ਵਿੱਚ ਲੱਗਾ ਹੋਇਆ ਹੈ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਪੰਜਾਬ ਦੀਆਂ ਵੱਡੀਆਂ ਮੰਡੀਆਂ 'ਚ ਸ਼ੁਮਾਰ ਸਮਝੀ ਜਾਂਦੀ ਇਤਿਹਾਸਕ ਸ਼ਹਿਰ ਮਾਛੀਵਾੜਾ ਸਾਹਿਬ ਦੀ ਅਨਾਜ ਮੰਡੀ ਵਿੱਚ ਅੱਜ ਤੱਕ 60 ਹਜ਼ਾਰ ਕੁਇੰਟਲ ਦੇ ਲੱਗਭਗ ਝੋਨਾ ਜ਼ਿਮੀਂਦਾਰਾਂ ਵੱਲੋਂ ਵੇਚਣ ਲਈ ਲਿਆਂਦਾ ਗਿਆ ਹੈ ਤੇ ਉਨ੍ਹਾਂ ਨੂੰ 1 ਅਕਤੂਬਰ ਦੀ ਉਡੀਕ ਹੈ ਕਿ ਉਸ ਦਿਨ ਸਰਕਾਰੀ ਖਰੀਦ ਸ਼ੁਰੂ ਹੋਵੇਗੀ ਤੇ ਉਨ੍ਹਾਂ ਦੀ ਫਸਲ ਵਿਕ ਜਾਵੇਗੀ। ਦੂਸਰੇ ਪਾਸੇ ਜੇਕਰ ਖਰੀਦ ਹਾਲਾਤਾਂ 'ਤੇ ਨਜ਼ਰ ਮਾਰੀ ਜਾਵੇ ਤਾਂ 2 ਦਿਨ ਦਾ ਸਮਾਂ ਰਹਿ ਗਿਆ ਹੈ, ਪਰ ਅਜੇ ਤੱਕ ਮਾਛੀਵਾੜਾ ਇਲਾਕੇ ਦੇ ਕਿਸੇ ਵੀ ਸ਼ੈਲਰ ਮਾਲਕ ਨੇ ਇਸ ਝੋਨੇ ਦੀ ਪਿੜਾਈ ਸਬੰਧੀ ਖੁਰਾਕ ਸਪਲਾਈ ਵਿਭਾਗ ਕੋਲ ਆਪਣੀ ਅਲਾਟਮੈਂਟ ਨਹੀਂ ਕਰਵਾਈ, ਕਿਉਂਕਿ ਪਿਛਲੇ ਸਾਲ ਪਏ ਵੱਡੇ ਆਰਥਿਕ ਘਾਟੇ ਤੇ ਸਰਕਾਰ ਦੇ ਗੁਦਾਮਾਂ ਵਿੱਚ ਜਗ੍ਹਾ ਨਾ ਹੋਣ ਕਾਰਨ ਉਹ ਇਹ ਫਸਲ ਚੁੱਕਣ ਨੂੰ ਤਿਆਰ ਨਹੀਂ ਹਨ। ਖੁਰਾਕ ਸਪਲਾਈ ਵਿਭਾਗ ਦੇ ਅਧਿਕਾਰੀ ਸ਼ੈਲਰ ਮਾਲਕਾਂ 'ਤੇ ਦਬਾਅ ਪਾ ਰਹੇ ਹਨ ਕਿ ਉਹ ਮੰਡੀਆਂ 'ਚੋਂ ਸਰਕਾਰੀ ਖਰੀਦ ਸ਼ੁਰੂ ਹੁੰਦੇ ਹੀ ਝੋਨੇ ਦੀ ਲਿਫਟਿੰਗ ਕਰਨ ਤੇ ਆਪਣੀ ਅਲਾਟਮੈਂਟ ਕਰਵਾਉਣ, ਪਰ ਜਾਣਕਾਰੀ ਅਨੁਸਾਰ ਅਜੇ ਤੱਕ ਕੋਈ ਵੀ ਸ਼ੈਲਰ ਮਾਲਕ ਮੰਡੀਆਂ 'ਚੋਂ ਝੋਨਾ ਚੁੱਕਣ ਲਈ ਤਿਆਰ ਨਹੀਂ ਹੋਇਆ। ਮਾਛੀਵਾੜਾ ਇਲਾਕੇ ਦੇ ਖੇਤਾਂ ਵਿੱਚ ਸੈਂਕੜੇ ਏਕੜ ਫਸਲ ਝੋਨੇ ਦੀ ਪੱਕ ਕੇ ਤਿਆਰ ਖੜੀ ਹੈ ਤੇ 1 ਅਕਤੂਬਰ ਤੋਂ ਹੋਰ ਝੋਨਾ ਮੰਡੀਆਂ ਵਿੱਚ ਵਿਕਣ ਲਈ ਆ ਜਾਵੇਗਾ। ਜੇਕਰ ਸ਼ੈਲਰ ਮਾਲਕਾਂ ਨੇ ਝੋਨਾ ਨਾ ਚੁੱਕਿਆ ਤਾਂ ਮੰਡੀਆਂ ਵਿੱਚ ਫਸਲ ਦੇ ਅੰਬਾਰ ਲੱਗ ਜਾਣਗੇ ਤੇ ਪ੍ਰੇਸ਼ਾਨ ਹੋਏ ਕਿਸਾਨ ਪ੍ਰਸ਼ਾਸਨ ਲਈ ਵੱਡੀ ਸਮੱਸਿਆ ਬਣ ਸਕਦੇ ਹਨ।

ਇਸ ਸਬੰਧੀ ਜ਼ਿਲ੍ਹਾ ਖੁਰਾਕ ਅਧਿਕਾਰੀ ਸਿਫ਼ਾਲੀ ਚੋਪੜਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਮੰਡੀਆਂ 'ਚੋਂ ਝੋਨੇ ਦੀ ਲਿਫਟਿੰਗ ਸਬੰਧੀ ਸ਼

30-Sept-PAGE-11-Majha-24-Final.qxd 9/29/2024 9:39 PM Page 1

ਕਿਸਾਨਾਂ ਦੀਆਂ ਰੈੱਡ ਐਂਟਰੀਆਂ ਨਿੰਦਣਯੋਗ: ਨਵਜੀਤ ਸਿੰਘ

ਝਬਾਲ (ਹਰਜਿੰਦਰ ਸਿੰਘ ਸੋਨੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਗੋਹਲਵੜ ਇਕਾਈ ਦੀ 15 ਦਿਨ ਵਾਲੀ ਮੀਟਿੰਗ ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਜ਼ੋਨ ਵਲੰਟੀਅਰ ਸੁਪਰਵਾਈਜ਼ਰ ਦਰਬਾਰਾ ਸਿੰਘ ਗੋਹਲਵੜ ਵੱਲੋਂ ਗੁਰਦੁਆਰਾ ਬਾਬਾ ਅੱਛਰਾ ਸਿੰਘ ਜੀ ਦੇ ਅਸਥਾਨ ਤੇ ਕੀਤੀ ਗਈ, 30 ਸਤੰਬਰ ਨੂੰ ਸ਼ੰਭੂ ਮੋਰਚੇ ਵਿੱਚ ਹਾਜ਼ਰੀਆਂ ਭਰਨ ਸਬੰਧੀ ਤਿਆਰੀ ਵੀ ਕੀਤੀ ਗਈ।

ਕਿਸਾਨ ਆਗੂਆਂ ਵਿਚਾਰਾਂ ਕਰਦਿਆਂ ਨੇ ਕਿਹਾ ਕਿ ਪਰਾਲੀ ਦੇ ਮੁੱਦੇ ਉੱਤੇ ਭਗਵੰਤ ਮਾਨ ਸਰਕਾਰ ਵੱਲੋਂ ਹਰ ਸਾਲ ਦੀ ਤਰਾਂ ਪਰਾਲੀ ਸਾੜਨ ਦੇ ਮੁੱਦੇ ਤੇ ਕਿਸਾਨਾਂ ਦੀਆਂ ਫਰਦਾਂ ਵਿੱਚ ਰੈੱਡ ਐਂਟਰੀਆਂ ਕਰਨ, ਪਰਚੇ ਕਰਨ, ਜੁਰਮਾਨੇ ਪਾਉਣ ਤੇ ਜੇਲ ਭੇਜਣ ਦੇ ਤੁਗਲਕੀ ਫੁਰਮਾਨ ਜਾਰੀ ਕੀਤੇ ਗਏ ਹਨ।ਇਹਨਾਂ ਤੁਗਲਕੀ ਫੁਰਮਾਨਾਂ ਦਾ ਮੂੰਹ-ਤੋੜ ਜੁਆਬ ਦਿੰਦਿਆਂ ਕਿ ਪੰਜਾਬ ਵਿੱਚ ਕਿਸੇ ਵੀ ਕਿਸਾਨ ਨੂੰ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੇ ਦੋਸ਼ੀ ਠਹਿਰਾ ਕੇ ਫਰਦਾਂ ਵਿੱਚ ਰੈੱਡ ਐਂਟਰੀਆਂ ਕਰਨ ਤੇ ਹੋਰ ਜਬਰ ਕਰਨ ਆਏ ਸਰਕਾਰੀ ਅਧਿਕਾਰੀਆਂ ਤੇ ਪੁਲਸ ਅਫਸਰਾਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦਿੱਤਾ ਜਾਵੇਗਾ, ਚਿੱਪ ਵਾਲੇ ਮੀਟਰਾਂ ਦੇ ਸੰਬੰਧੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਸਮਾਰਟ ਮੀਟਰ ਲਾਉਣੇ ਜਲਦ ਬੰਦ ਕਰੇ। ਇਸ ਮੌਕੇ ਸੋਹਣ ਸਿੰਘ ਗੋਹਲਵੜ, ਹਰਚੰਦ ਸਿੰਘ ਗੋਹਲਵੜ, ਬਲਵਿੰਦਰ ਸਿੰਘ ਗੋਹਲਵੜ, ਸਲਵਿੰਦਰ ਸਿੰਘ ਗੋਹਲਵੜ, ਗੁਰਭੇਜ ਸਿੰਘ ਗੋਹਲਵੜ, ਲਵਪ੍ਰੀਤ ਸਿੰਘ ਗੋਹਲਵੜ, ਬਿੱਕਰ ਸਿੰਘ ਗੋਹਲਵੜ, ਗੁਰਦੇਵ ਸਿੰਘ ਗੋਹਲਵੜ, ਮੰਗਲ ਸਿੰਘ ਗੋਹਲਵੜ, ਹੈਪੀ ਸਿੰਘ ਗੋਹਲਵੜ ਆਦਿ ਹਾਜ਼ਰ ਸਨ।

ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ 2 ਦੀ ਮੌਤ, 1 ਗੰਭੀਰ ਜ਼ਖਮੀ

ਦੀਨਾਨਗਰ (ਸੰਜੀਵ)-ਪੁਲਸ ਸਟੇਸ਼ਨ ਬਹਿਰਾਮਪੁਰ ਦੇ ਪਿੰਡ ਨੀਵਾਂ ਧਕਾਲਾ ਵਿਖੇ ਅਚਾਨਕ ਇੱਕ ਤੇਜ਼ ਰਫਤਾਰ ਗੱਡੀ ਨੇ ਮੋਟਰਸਾਈਕਲ ਤੇ ਸਵਾਰ ਹੋ ਕੇ ਕਿਸੇ ਰਿਸ਼ਤੇਦਾਰ ਕੋਲ ਜਾ ਰਹੇ ਇੱਕ ਮਹਿਲਾ ਤੇ ਦੋ ਲੜਕਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਿਸ ਦੌਰਾਨ ਮਹਿਲਾ ਦੀ ਮੌਕੇ 'ਤੇ ਮੌਤ ਹੋ ਗਈ ਤੇ ਲੜਕੇ ਗੰਭੀਰ ਰੂਪ 'ਚ ਜ਼ਖਮੀ ਹੋ ਗਏ, ਜਿਨਾਂ ਵਿੱਚੋਂ 17 ਸਾਲ ਦੇ ਜ਼ਖਮੀ ਲੜਕੇ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ, ਮਹਿਲਾ ਦੀ ਪਛਾਣ ਰਜਵੰਤ ਕੌਰ ਵਾਸੀ ਤਾਰਾਗੜ ਵਜੋਂ ਦੱਸੀ ਗਈ ਹੈ।

ਉਧਰ ਦੂਜੇ ਪਾਸੇ ਪੁਲਸ ਨੇ ਮੌਕੇ ਤੇ ਪਹੁੰਚ ਕੇ ਸਾਰੀ ਘਟਨਾ ਦੀ ਜਾਂਚ ਸ਼ੁਰੂ ਕਰ ਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।ਇਲਾਕਾ ਵਾਸੀਆਂ ਨੇ ਦੱਸਿਆ ਕਿ ਇਲਾਕੇ ਅੰਦਰ ਲੋਕ ਬਿਨਾਂ ਕਿਸੇ ਪ੍ਰਵਾਹ ਕੀਤੇ ਟਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਆਮ ਦੇਖੇ ਜਾ ਸਕਦੇ ਹਨ ਕਿਉਂਕਿ ਪੁਲਸ ਸਿਰਫ ਕਾਗਜ਼ਾਂ ਤੇ ਲੋਕਾਂ ਦੇ ਚਲਾਨ ਕੱਟਣ ਤੱਕ ਸੀਮਤ ਹਨ ਜਿਸ ਕਾਰਨ ਆਮ ਲੋਕਾਂ ਨੂੰ ਨਿਤ ਦਿਨ ਹਾਦਸਿਆਂ ਦਾ ਸ਼ਿਕਾਰ ਹੋਣਾ ਪੈ ਰਿਹਾ।

ਖੇਤੀਬਾੜੀ ਤੇ ਮਾਲ ਵਿਭਾਗ ਦੀਆਂ ਟੀਮਾਂ ਵੱਲੋਂ ਹੌਟ ਸਪੋਟ ਪਿੰਡਾਂ ਦਾ ਦੌਰਾ

* ਕਿਸਾਨਾਂ ਨੂੰ ਪਰਾਲੀ/ਨਾੜ ਨੂੰ ਅੱਗ ਨਾ ਲਾਉਣ ਲਈ ਕੀਤਾ ਜਾ ਰਿਹੈ ਪ੍ਰੇਰਿਤ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜਿਲੇ ਅੰਦਰ ਪਰਾਲੀ ਨਾ ਸਾੜਨ ਲਈ ਕਿਸਾਨਾਂ ਨੂੰ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ ਅਤੇ ਪਿੰਡ-ਪਿੰਡ ਜਾ ਕੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਕਿਸਾਨ ਜਾਗਰੂਕਤਾ ਮੁਹਿਮ ਤਹਿਤ ਐੱਸਡੀਐੱਮ, ਡੇਰਾ ਬਾਬਾ ਨਾਨਕ ਰਾਜਪਾਲ ਸਿੰਘ ਸੇਖੋਂ ਦੀ ਅਗਵਾਈ ਹੇਠ ਨਾਇਬ ਤਹਿਸੀਲਦਾਰ ਅਰਮਾਨਦੀਪ, ਏਡੀਓ ਗੁਰਪ੍ਰੀਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਖੇਤੀਬਾੜੀ ਅਤੇ ਮਾਲ ਵਿਭਾਗ ਦੀ ਟੀਮਾਂ ਨਾਲ ਬਲਾਕ ਦੇ ਹੋਟ ਸਪੋਟ ਪਿੰਡਾ ਵਿੱਚ ਜਾ ਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਪ੍ਰੇਰਿਤ ਕੀਤਾ ਗਿਆ ।ਇਸ ਮੌਕੇ ਐੱਸਡੀਐੱਮ ਰਾਜਪਾਲ ਸਿੰਘ ਸੇਖੋਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਨਾਲ ਸਹਿਯੋਗ ਕਰਦਿਆਂ ਪਰਾਲੀ/ਨਾੜ ਨੂੰ ਅੱਗ ਨਾ ਲਾਈ ਜਾਵੇ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਨ ਦੂਸ਼ਿਤ ਹੁੰਦਾ ਹੈ, ਜਿਸ ਨਾਲ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ, ਖਾਸ ਕਰਕੇ ਫੇਫੜਿਆਂ ਨੂੰ ਬਹੁਤ ਨੁਕਸਾਨ ਪਹੁੰਚਦਾ ਹੈ, ਕਈ ਹਾਨੀਕਾਰਕ ਬਿਮਾਰੀਆਂ ਪੈਦਾ ਹੁੰਦੀਆਂ ਹਨ।ਉਨਾਂ ਕਿਹਾ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਖਤਮ ਹੁੰਦੀ ਹੈ, ਮਿੱਤਰ ਕੀੜੇ ਮਰਦੇ ਹਨ ਅਤੇ ਸੜ ਕੀ ਹਾਦਸੇ ਵਾਪਰਨ ਨਾਲ ਜਾਨੀ ਨੁਕਸਾਨ ਹੁੰਦੇ ਹਨ ।ਉਨਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਹਰ ਤਰਾਂ ਦੀ ਲੋੜੀਂਦੀ ਖੇਤੀ ਮਸ਼ੀਨਰੀ ਮੁਹੱਈਆ ਕਰਵਾਈ ਗਈ ਹੈ ਅਤੇ ਛੋਟੇ ਕਿਸਾਨਾ ਨੂੰ ਜਲਦੀ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ ।ਉਨਾਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਸਾਡੀਆਂ ਟੀਮਾਂ ਵਲੋਂ ਪਿੰਡ ਸ਼ਾਮਪੁਰਾ, ਸਿੰਘਪੁਰਾ, ਧਰਮਾਬਾਦ, ਝੰਗੀ ਪੰਨਵਾ, ਸ਼ਾਹਪੁਰ ਜਾਜਨ, ਪੱਡੋ, ਸ਼ਿਕਾਰ ਮਾਛੀਆਂ, ਦੇਹੜ ਗਵਾਰ, ਫੱਤੂਪੁਰ, ਭਗਵਾਨਪੁਰ, ਢਿੱਲਵਾਂ, ਕੋਹਾਲੀ ਪਿੰਡਾਂ ਵਿੱਚ ਕਿਸਾਨਾ ਨਾਲ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਮੀਟਿੰਗਾਂ ਕੀਤੀਆਂ ਗਈਆਂ ਹਨ ਤੇ ਉਨਾਂ ਨੂੰ ਅੱਗ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕੀਤਾ ਗਿਆ ਹੈ ਪਰ ਫਿਰ ਵੀ ਜੇਕਰ ਕੋਈ ਕਿਸਾਨ ਅੱਗ ਲਗਾਉਂਦਾ ਫੜਿਆ ਗਿਆ ਤਾਂ ਉਸ ਕਿਸਾਨ ਦਾ ਚਲਾਨ ਕਰਨ ਦੇ ਨਾਲ ਉਸ ਦੀ ਜਮਾਂਬੰਦੀ ਤੇ ਲਾਲ ਐਂਟਰੀ ਕੀਤੀ ਜਾਵੇਗੀ ।ਇਸ ਮੌਕੇ ਕਿਸਾਨਾਂ ਵਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਪ੍ਰਾਣ ਵੀ ਲਿਆ ਗਿਆ। ਇਸ ਮੌਕੇ ਚੇਅਰਮੈਨ ਰਣਜੇਤ ਸਿੰਘ ਬਾਠ ਮਾਰਕੀਟ ਕਮੇਟੀ ਕਲਾਨੌਰ, ਪਟਵਾਰੀ ਹਰਪ੍ਰੀਤ ਸਿੰਘ ਲਾਲੀ, ਇੰਦਰਜੀਤ ਸਿੰਘ, ਹਰਪ੍ਰੀਤ ਸਿੰਘ ਫੌਜੀ, ਮੁਖਤਾਰ ਸਿੰਘ, ਹਰਜੀਤ ਰਾਏ, ਅਵਤਾਰ ਸਿੰਘ, ਥਾਨੇਦਾਰ ਰਤਨ ਸਿੰਘ, ਸਿਕੰਦਰ ਸਿੰਘ ਆਦਿ ਹਾਜ਼ਰ ਸਨ ।

ਗੁਰਦੁਆਰਾ ਸਾਹਿਬ ਦੇ ਸਰੋਵਰ 'ਚ ਡੁੱਬਣ ਕਾਰਨ ਪਤੀ-ਪਤਨੀ ਦੀ ਮੌਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਨਜ਼ਦੀਕੀ ਪਿੰਡ ਲੀਲ ਕਲਾਂ ਦੇ ਗੁਰਦੁਆਰਾ ਬਾਬਾ ਮੱਕਾ ਸਾਹਿਬ ਦੇ ਸਰੋਵਰ ਵਿੱਚ ਲਗਭਗ ਸਵੇਰੇ 6 ਵਜੇ ਪਤੀ-ਪਤਨੀ ਦੇ ਇਸ਼ਨਾਨ ਕਰਨ ਮੌਕੇ ਡੁੱਬਣ ਦਾ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ।ਮਿਲੀ ਜਾਣਕਾਰੀ ਮੁਤਾਬਕ ਗੁਰਦੁਆਰਾ ਮੱਕਾ ਸਾਹਿਬ ਲੀਲ ਕਲਾਂ ਦੇ ਪ੍ਰਬੰਧਕਾਂ ਅਤੇ ਮੁੱਖ ਸੇਵਾਦਾਰ ਬਾਬਾ ਲਖਵਿੰਦਰ ਸਿੰਘ ਨੇ ਦੱਸਿਆ ਕਿ ਨਜ਼ਦੀਕੀ ਪਿੰਡ ਕੰਡੀਲਾ ਦੇ ਬਲਵੰਤ ਸਿੰਘ ਉਮਰ ਕਰੀਬ 48 ਸਾਲ ਅਤੇ ਉਸ ਦੀ ਪਤਨੀ ਰਜਵੰਤ ਕੌਰ ਉਮਰ 40 ਸਾਲ ਸਵੇਰੇ ਕੋਈ ਪੰਜ ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਤੋਂ ਪਹਿਲਾਂ ਸਰੋਵਰ ਵਿੱਚ ਇਸ਼ਨਾਨ ਕਰਨ ਲਈ ਗਏ ਤਾਂ ਅਚਾਨਕ ਸਰੋਵਰ ਵਿੱਚ ਡੁੱਬਣ ਕਾਰਨ ਦੋਵਾਂ ਪਤੀ ਪਤਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ ।ਇਸ ਸਬੰਧੀ ਥਾਣਾ ਕਾਦੀਆਂ ਪੁਲਸ ਨੂੰ ਸੂਚਿਤ ਕੀਤਾ ਗਿਆ ਜੋ ਕਿ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਲਈ ਦੋਵਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸ਼ਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤਾ ਗਿਆ ਹੈ।ਓਧਰ ਮ੍ਰਿਤਕਾਂ ਦੇ ਪਿੰਡ ਇਸ ਦੁਖਦਾਈ ਖ਼ਬਰ ਦਾ ਪਤਾ ਲੱਗਣ ਉਪਰੰਤ ਪਿੰਡ ਅੰਦਰ ਸੋਗ ਦੀ ਲਹਿਰ ਫੈਲ ਗਈ।ਇਸ ਸਬੰਧੀ ਜਦੋਂ ਪੱਤਰਕਾਰਾਂ ਨੇ ਮ੍ਰਿਤਕਾਂ ਦੇ ਪਿੰਡ ਕੰਡੀਲਾ ਵਿਖੇ ਪਰਿਵਾਰ ਨਾਲ ਸੰਪਰਕ ਕੀਤਾ ਤਾਂ ਮ੍ਰਿਤਕਾਂ ਦੇ ਬੇਟੇ ਰਜਿੰਦਰ ਸਿੰਘ ਅਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਮ੍ਰਿਤਕ ਬਲਵੰਤ ਸ਼ਿੰਘ ਪਿੰਡ ਕੰਡੀਲਾ ਅੰਦਰ ਹੀ ਵੈਲਡਿੰਗ ਤੇ ਸਾਈਕਲ ਰਿਪੇਅਰ ਦਾ ਕੰਮ ਕਰਦਾ ਸੀ।ਇਸ ਮੌਕੇ ਮ੍ਰਿਤਕ ਦੇ ਬੇਟੇ ਰਾਜਿੰਦਰ ਸਿੰਘ ਪੱਤਰਕਾਰਾਂ ਨੂੰ ਦੱਸਿਆ ਕਿ ਮੇਰੇ ਮਾਤਾ ਪਿਤਾ ਰੋਜ਼ਾਨਾ ਦੀ ਤਰਾਂ ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਂਦੇ ਸੀ। ਅੱਜ ਵੀ ਸਵੇਰੇ ਕੋਈ ਪੰਜ ਵਜੇ ਦੇ ਕਰੀਬ ਘਰੋਂ ਚਲੇ ਗਏ ਪਰ ਜ਼ਿਆਦਾ ਦੇਰ ਤੱਕ ਉਡੀਕ ਕਰਨ ਤੇ ਭਾਲ ਕਰਨ 'ਤੇ ਪਤਾ ਲੱਗਾ ਕਿ ਉਨਾਂ ਦੀ ਸਰੋਵਰ 'ਚ ਡੁੱਬਣ ਨਾਲ ਮੌਤ ਹੋ ਚੁੱਕੀ ਹੈ।

ਕੇਂਦਰ ਦੀਆਂ ਮਾਰੂ ਨੀਤੀਆਂ ਖਿਲਾਫ ਆੜ੍ਹਤੀਆ ਐਸੋਸੀਏਸ਼ਨ ਮਜੀਠਾ ਵੱਲੋਂ ਮੀਟਿੰਗ

ਮਜੀਠਾ (ਸੋਇਮ ਆਨੰਦ)-ਆੜ੍ਹ ਤੀ ਅਸੋਸੀਏਸ਼ਨ ਦੀ ਮੀਟਿੰਗ ਮਜੀਠਾ ਮੰਡੀ ਵਿਖੇ ਸਰਪ੍ਰਸਤ ਅਨੂਪ ਸਿੰਘ ਸੰਧੂ ਦੀ ਪ੍ਰਧਾਨਗੀ ਜੱਸ ਭੰਗੂ ਦੇ ਦਫਤਰ ਵਿਖੇ ਹੋਈ ਜਿਸ ਵਿੱਚ ਉਚੇਚੇ ਤੌਰ 'ਤੇ ਜ਼ਿਲਾ ਪ੍ਰਧਾਨ ਨਰਿੰਦਰ ਬਹਿਲ ਤੇ ਕੈਸ਼ੀਅਰ ਜੱਸ ਥਾਂਦੇ ਸ਼ਾਮਿਲ ਹੋਏ ।

ਇਸ ਮੌਕੇ ਆੜ੍ਹ ਤੀਆ ਐਸੋਸੀਏਸ਼ਨ ਦੇ ਜ਼ਿਲਾ ਪ੍ਰਧਾਨ ਨਰਿੰਦਰ ਬਹਿਲ ਨੇ ਕੇਦਰ ਸਰਕਾਰ 'ਤੇ ਆਪਣੀ ਭੜਾਸ ਕੱਢਦਿਆਂ ਕਿਹਾ ਕਿ ਸਰਕਾਰ ਦੀ ਨੀਤੀ ਕਿਸਾਨਾਂ ਅਤੇ ਆੜ੍ਹ ਤੀਆਂ ਦਾ ਰਿਸ਼ਤਾ ਖਰਾਬ ਕਰਨ ਦੀ ਹੈ ।ਸਰਕਾਰ ਦੀਆਂ ਘਟੀਆ ਚਾਲਾਂ ਕਦੇ ਵੀ ਸਫਲ ਨਹੀਂ ਹੋਣ ਦਿਆਂਗੇ।ਕਿਸਾਨਾਂ ਦਾ ਅਤੇ ਆੜ੍ਹ ਤੀਆਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ ਇਸ ਵਿੱਚ ਫਿੱਕ ਨਹੀਂ ਪੈਣ ਦਿਆਂਗੇ।

ਉਨਾਂ ਵਲੋਂ ਕਿਹਾ ਗਿਆ ਕਿ ਜੋ ਸੱਦਾ ਪੰਜਾਬ ਆੜ੍ਹ ਤੀ ਅਸੋਸੀਏਸਨ ਨੇ ਇੱਕ ਅਕਤੂਬਰ ਤੋਂ ਮੰਡੀਆਂ ਬੰਦ ਕਰਨ ਦਾ ਦਿੱਤਾ ਹੈ ਉਸ ਨੂੰ ਕਾਮਯਾਬ ਕਰਾਂਗੇ ।ਇਸ ਮੌਕੇ ਜਸਕਰਨ ਸਿੰਘ ਭੰਗੂ, ਉਂਕਾਰ ਸਿੰਘ, ਅਨੂਪ ਸਿੰਘ ਸੰਧੂ, ਵਿਨੋਦ ਕਹੇੜ, ਗੁਰਵਿੰਦਰ ਸਿੰਘ ਰੋਮੀ, ਸੁਖਚੈਨ ਸਿੰਘ ਭੰਗੂ, ਰਜੀਵ ਕੁਮਾਰ ਰੋਮੀ, ਜਸਪਾਲ ਸਿੰਘ ਭੰਗਵਾਂ, ਲਖਵਿੰਦਰ ਸਿੰਘ ਗਿੱਲ, ਅਮ੍ਰਿਪਾਲ ਸਿੰਘ ਬਸੰਬਰਪੁਰਾ, ਸਲਵੰਤ ਸਿੰਘ ਸੇਠ, ਬਲਜਿੰਦਰ ਸਿੰਘ, ਕਰਨਜੀਤ ਸਿੰਘ ਮਨੀ, ਪਲਵਿੰਦਰ ਸਿੰਘ ਗਿੱਲ, ਸਤਬੀਰ ਸਿੰਘ, ਸੁਭਾਸ਼ ਚੰਦ ਕਾਲਾ, ਦੀਪਕ ਕੁਮਾਰ ਮਰਵਾਹਾ, ਹਰਬੰਸ ਸਿੰਘ ਮੱਲੀ, ਰਿੰਕੂ ਸਿੱਧੂ, ਰਿਪੁਦਮਨ ਸਿੰਘ ਆਦਿ ਆੜ੍ਹ ਤੀ ਹਾਜ਼ਰ ਸਨ। ਅਖੀਰ ਵਿੱਚ ਅਨੂਪ ਸਿੰਘ ਸੰਧੂ ਨੇ ਸਾਰੇ ਵੀਰਾਂ ਦਾ ਧੰਨਵਾਦ ਕੀਤਾ ਤੇ ਪ੍ਰਧਾਨ ਨੂੰ ਵਿਸ਼ਵਾਸ ਦੁਆਇਆ ਕਿ ਆੜ੍ਹ ਤੀ ਤੇ ਕਿਸਾਨਾਂ ਦਾ ਰਿਸ਼ਤਾ ਹਮੇਸ਼ਾ ਬਰਕਰਾਰ ਰਹੇਗਾ।

ਪਰਾਲੀ ਨਾ ਸਾੜਨ ਬਾਬਤ ਆਰੰਭੀ ਮੁਹਿਮ ਤਹਿਤ ਪੁਲਸ ਨੇ ਵੱਖ-ਵੱਖ ਪਿੰਡਾਂ 'ਚ ਕੀਤਾ ਦੌਰਾ

ਗੁਰਦਾਸਪੁਰ (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲੇ ਭਰ ਵਿੱਚ ਪਰਾਲੀ/ਨਾੜ ਨਾ ਸਾੜਨ ਸਬੰਧੀ ਵਿਸ਼ੇਸ਼ ਮੁਹਿਮ ਚਲਾਈ ਗਈ ਹੈ ਜਿਸ ਤਹਿਤ ਸਿਵਲ ਤੇ ਪੁਲਸ ਵਿਭਾਗ ਦੀਆਂ ਸਾਂਝੀਆਂ ਟੀਮਾਂ ਵੱਲੋਂ ਪਿੰਡ ਕਾਲੂਵਾਲ, ਨਾਸਰਕੇ ਅਤੇ ਹੋਟ ਸਪੋਟ ਪਿੰਡ ਸਾਰਚੂਰ ਦਾ ਦੌਰਾ ਕੀਤਾ ਗਿਆ। ਇਨਾਂ ਪਿੰਡਾਂ ਦੇ ਨੰਬਰਦਾਰ ਅਤੇ ਕਿਸਾਨਾਂ ਨੂੰ ਮਿਲ ਕੇ ਪਰਾਲੀ ਨੂੰ ਨਾ ਸਾੜਨ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਕਲੱਸਟਰ ਇੰਚਾਰਜ ਗੋਬਿੰਦ ਜੇ. ਈ ਅਤੇ ਨੋਡਲ ਅਫਸਰ ਅਸ਼ਮਿੰਦਰ ਕੌਰ, ਏਐਸਆਈ ਮੌਜੂਦ ਸਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਰਿੰਦਰਪਾਲ ਸਿੰਘ, ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਸਿਵਲ ਤੇ ਪੁਲਿਸ ਵਿਭਾਗ ਦੀਆਂ ਸਾਂਝੀਆਂ ਟੀਮਾਂ ਵਲੋਂ ਪਿੰਡਾਂ ਖਾਸਕਰਕੇ ਹੋਟ ਸਪਾਟ ਪਿੰਡਾਂ, ਜਿਥੇ ਪਿਛਲੇ ਸਾਲ ਨਾੜ ਸਾੜਨ ਦੀਆਂ ਘਟਨਾਵਾਂ ਵਾਪਰੀਆਂ ਸਨ, ਉਨਾਂ ਪਿੰਡਾਂ ਵਿੱਚ ਦੇ ਪਿੰਡ ਦੇ ਨੰਬਰਦਾਰਾਂ, ਮੋਹਤਬਰਾਂ ਅਤੇ ਕਿਸਾਨਾਂ ਨਾਲ ਮਿਲ ਕੇ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ ਜਾ ਰਹੀ ਹੈ ਅਤੇ ਪਰਾਲੀ ਦੀ ਸੰਭਾਲ ਲਈ ਵਿਭਾਗ ਪਾਸ ਮੌਜੂਦ ਖੇਤੀਬਾੜੀ ਸੰਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨਾਂ ਦੱਸਿਆ ਕਿ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੇ ਫਾਇਦਿਆਂ, ਪਰਾਲੀ ਸਾੜਨ ਦੇ ਨੁਕਸਾਨਾਂ ਅਤੇ ਪਰਾਲੀ ਦੀ ਸਾਂਭ-ਸੰਭਾਲ ਲਈ ਜਿਲੇ ਵਿੱਚ ਉਪਲੱਬਧ ਖੇਤੀ ਮਸ਼ੀਨਰੀ ਬੇਲਰ, ਸੁਪਰਸੀਡਰ ਆਦਿ ਉਪਲੱਬਧ ਹੈ, ਬਾਰੇ ਜਾਗਰੂਕ ਕੀਤਾ ਦਾ ਰਿਹਾ ਹੈ।

ਉਨਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਵਲੋਂ ਕਿਸਾਨਾਂ ਨੂੰ ਵਿਸਥਾਰ ਵਿੱਚ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਅਤੇ ਜਿਲੇ ਵਿੱਚ ਲੋੜੀਂਦੀ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ ਲਈ ਜਾਣਕਾਰੀ ਦਿੱਤੀ ਗਈ।

ਇਸ ਵਾਰ ਜ਼ਿਆਦਾਤਰ ਸਰਪੰਚ ਭਾਜਪਾ ਦੇ ਹੀ ਹੋਣਗੇ: ਵਿਨੇ ਚੌਧਰੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਸ

30-SEP-PAGE-12.qxd 9/29/2024 9:40 PM Page 1

ਕੈਬਿਨਟ ਮੰਤਰੀ ਦੀ ਗੈਰਮੌਜੂਦਗੀ 'ਚ ਪੀ ਏ ਨੂੰ ਐੱਨ ਪੀ ਐੱਸ ਮੁਲਾਜ਼ਮਾਂ ਨੇ ਮੰਗ ਪੱਤਰ ਸੌਂਪਿਆ

ਜਲੰਧਰ(ਰਾਜੇਸ਼ ਥਾਪਾ) ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਅੱਜ ਕੈਬਨਿਟ ਮੰਤਰੀਆਂ /ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ਮਾਰਨ ਦੇ ਪ੍ਰੋਗਰਾਮ ਅਧੀਨ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜਲੰਧਰ ਦੇ ਜਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਬਿਲਗਾ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਵੱਡੀ ਗਿਣਤੀ ਵਿੱਚ ਐਨ ਪੀ ਐਸ ਮੁਲਾਜ਼ਮਾਂ ਨੇ ਭਾਗ ਲਿਆ।ਜ਼ਿਲ੍ਹਾ ਪੱਧਰੀ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਬਿਲਗਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਲਾਰਾ ਲਾਊ ਰਵਈਏ ਦਾ ਸਖਤ ਨੋਟਿਸ ਲੈਂਦਿਆਂ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 29 ਸਤੰਬਰ ਨੂੰ ਜ਼ਿਲ੍ਹਾ ਪੱਧਰੀ ਧਰਨੇ ਲਗਾ ਕੇ ਕੈਬਨਿਟ ਮੰਤਰੀਆਂ/ਵਿਧਾਇਕਾਂ ਦੇ ਘਰਾਂ ਅੱਗੇ ਰੋਸ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ।ਇਸ ਸਮੇਂ ਸੰਬੋਧਨ ਕਰਦੇ ਹੋਏ ਕੋ ਕਨਵੀਨਰ ਦਿਲਬਾਗ ਸਿੰਘ,ਵੇਦ ਰਾਜ, ਕੁਲਵੀਰ ਕੁਮਾਰ ਸਰੋਆ, ਪਰਮਿੰਦਰ ਪਾਲ ਸਿੰਘ, ਗੁਰਮੁਖ ਲੋਕ ਪ੍ਰੇਮੀ, ਅਮਰਜੀਤ ਭਗਤ, ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਪੈਨਸ਼ਨਰ ਆਗੂ ਹੰਸ ਰਾਜ ਬੰਗੜ ਅਤੇ ਕੁਲਦੀਪ ਸਿੰਘ ਕੌੜਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਚੋਣਾਂ ਸਮੇਂ ਪੁਰਾਣੀ ਪੈਨਸ਼ਨ ਬਹਾਲੀ ਦੇ ਕੀਤੇ ਵਾਅਦੇ ਤੋਂ ਭੱਜ ਗਈ ਹੈ ਅਤੇ ਹੋਰ ਰਾਜਾਂ ਵਿੱਚ ਚੋਣਾਂ ਨੂੰ ਦੇਖਦੇ ਹੋਏ ਜਿਹੜਾ ਪੁਰਾਣੀ ਪੈਨਸ਼ਨ ਬਹਾਲੀ ਦਾ ਲੰਗੜਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਉਹ ਵੀ ਪੰਜਾਬ ਦੇ ਦੋ ਲੱਖ ਕਰਮਚਾਰੀਆਂ ਲਈ ਦੋ ਸਾਲ ਬੀਤ ਜਾਣ ਬਾਅਦ ਵੀ ਕੇਵਲ ਊਠ ਦਾ ਲਟਕਦਾ ਬੁੱਲ ਹੀ ਸਾਬਤ ਹੋਇਆ ਹੈ।ਇਸ ਡੰਗ ਟਪਾਊ ਨੀਤੀ ਤੋਂ ਅੱਕੇ ਮੁਲਾਜ਼ਮਾਂ ਨੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ।ਅਸੀ ਆਪਣੇ ਮੰਤਰੀ ਤੋਂ ਮੰਗ ਕਰਦੇ ਹਾਂ ਕਿ ਸਰਕਾਰ ਆਪਣਾ ਚੋਣ ਵਾਅਦਾ ਤੁਰੰਤ ਪੂਰਾ ਕਰੇ।ਜੇਕਰ ਸਰਕਾਰ ਨੇ ਅੱਜ ਦੇ ਇਸ ਵਿਸ਼ਾਲ ਘਿਰਾਓ ਨੂੰ ਗੰਭੀਰਤਾ ਨਾਲ ਨਹੀਂ ਲਿਆ ਤਾਂ ਚਾਰ ਜਿਮਨੀ ਚੋਣਾਂ ਵਾਲੇ ਹਲਕਿਆਂ ਚੱਬੇਵਾਲ, ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਗਿੱਦੜਬਾਹਾ ਵਿੱਚ ਚੋਣਾਂ ਦੀਆਂ ਮਿਤੀਆਂ ਦੇ ਐਲਾਨ ਤੋਂ ਤੁਰੰਤ ਬਾਅਦ ਵੱਡੀਆਂ ਰੈਲੀਆਂ ਇਹਨਾਂ ਹਲਕਿਆਂ ਵਿੱਚ ਕੀਤੀਆਂ ਜਾਣਗੀਆਂ।ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਰਮਚਾਰੀ ਭਾਗ ਲੈਣਗੇ।ਪੰਜਾਬ ਸਰਕਾਰ ਵੱਲੋਂ18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜ਼ਾਰੀ ਹੋਇਆ ਸੀ। ਇਸ ਨੋਟੀਫਿਕੇਸ਼ਨ ਨੂੰ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਲਾਗੂ ਨਹੀਂ ਕੀਤਾ ਗਿਆ।ਰੈਲੀ ਵਿੱਚ ਇਹ ਵੀ ਐਲਾਨ ਕੀਤਾ ਗਿਆ ਕਿ 2 ਅਕਤੂਬਰ ਦੇ ਪੰਜਾਬ ਮੁਲਾਜਮ ਅਤੇ ਪੈਨਸ਼ਨਰਜ ਸਾਂਝੇ ਫਰੰਟ ਦੇ ਅੰਬਾਲਾ ਝੰਡਾ ਮਾਰਚ ਵਿੱਚ ਭਾਗ ਲਿਆ ਜਾਵੇਗਾ। ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਜਿੱਥੇ ਵੀ ਮੁੱਖ ਮੰਤਰੀ ਪੰਜਾਬ ਜਾਣਗੇ ਉਹਨਾਂ ਦਾ ਕਾਲੀਆਂ ਝੰਡੀਆਂ ਨਾਲ ਜਿਲਾ ਪੱਧਰ 'ਤੇ ਸਵਾਗਤ ਕੀਤਾ ਜਾਵੇਗਾ।ਇਸ ਮੌਕੇ ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ, ਰਾਮ ਰੂਪ, ਪ੍ਰੇਮ ਖਲਵਾੜਾ, ਗੁਰਮੁੱਖ ਲੋਕ ਪ੍ਰੇਮੀ ਪਰਵਿੰਦਰ ਸਿੰਘ, ਪ੍ਰਦੀਪ ਕੁਮਾਰ, ਪਰਮਿੰਦਰ ਪਾਲ ਸਿੰਘ, ਹੰਸ ਰਾਜ ਬੰਗੜ ਹਰਦੀਪ ਸਿੰਘ, ਸੰਦੀਪ ਸਿੰਘ, ਲੇਖ ਰਾਜ, ਰਸ਼ਪਾਲ ਸਿੰਘ, ਕਵਿਸ਼, ਸੁਸ਼ੀਸ਼ ਕੁਮਾਰ, ਜਸਵੀਰ ਸਿੰਘ, ਧਰਮਪਾਲ, ਰਾਜਕੁਮਾਰ, ਮੁਲਖ ਰਾਜ, ਕੁਲਦੀਪ ਸਿੰਘ ਕੌੜਾ, ਰਤਨ ਸਿੰਘ, ਅਸ਼ਵਨੀ ਕੁਮਾਰ, ਰਕੇਸ਼ ਕੁਮਾਰ, ਵੇਦ ਰਾਜ, ਰਮਨ ਕੁਮਾਰ, ਬਿਪਨ ਕੁਮਾਰ, ਮੋਹਨ ਲਾਲ, ਬਾਦਲ ਸਹੋਤਾ, ਅਮਨ ਕੁਮਾਰ, ਜਸਵੰਤ ਸਿੰਘ, ਪਿਆਰਾ ਸਿੰਘ, ਪਵਨ ਕੁਮਾਰ, ਕਸਤੂਰੀ ਲਾਲ, ਸੰਦੀਪ ਰਾਜੇਵਾਲ,ਅਮਰਜੀਤ ਭਗਤ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ ਆਦਿ ਆਗੂ ਵੀ ਹਾਜ਼ਰ ਸਨ।

ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮ ਦਿਨ ਉਤਸ਼ਾਹ ਨਾਲ ਮਨਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾਂ ਕੋਹਿਨੂਰ 321 ਡੀ ਵੱਲੋਂ ਸ਼ਹੀਦੇ ਆਜ਼ਮ ਸ੍ ਭਗਤ ਸਿੰਘ ਦਾ ਜਨਮ ਦਿਨ ਬਹੁਤ ਹੀ ਸ਼ਰਧਾਪੂਰਵਕ ਤੇ ਉਤਸ਼ਾਹ ਨਾਲ ਮਨਾਇਆ ਗਿਆ । ਕਲੱਬ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਰਾਜਵਿੰਦਰ ਸਿੰਘ ਸੰਧੂ, ਮਨਪ੍ਰੀਤ ਸਿੰਘ ਸੰਧੂ, ਲਾਇਨ ਲੇਡੀ ਡਾਕਟਰ ਹਰਮਨਪ੍ਰੀਤ ਕੌਰ ਧਾਲੀਵਾਲ, ਸਿਮਰਨ ਬੀਰ ਕੌਰ, ਮਾਤਾ ਸੁਖਵਿੰਦਰ ਕੌਰ, ਮਿਸ ਸਹਿਜਗੁਣ ਕੌਰ ਧਾਲੀਵਾਲ, ਅੰਗਦ ਜੋਤ ਸਿੰਘ ਧਾਲੀਵਾਲ, ਬ੍ਰਹਮਜੋਤ ਸਿੰਘ, ਗਗਨ ਸਾਂਡਲ ਜੀ ਐਸ ਫਲਾਵਰਜ਼ ਅਸਲਾਮਾਬਾਦ ਹੁਸ਼ਿਆਰਪੁਰ ਵੱਲੋਂ ਸ਼ਹੀਦ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਅਰਪਣ ਕੀਤੀਆਂ ਗਈਆਂ ਅਤੇ ਮਠਿਆਈ ਵੰਡੀ ਗਈ।

ਸੇਵਾ-ਮੁਕਤੀ 'ਤੇ ਵਿਸ਼ੇਸ਼

ਸਮਾਜ ਸੇਵੀ ਤੇ ਸਕੂਲ ਦੇ ਚਹੇਤੇ ਅਧਿਆਪਕਾ ਆਸ਼ਿਮਾ ਮੱਕੜ

ਪਿਛਲੇ ਤਿੰਨ ਦਹਾਕਿਆਂ ਤੋਂ ਸਥਾਨਕ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਵਿਖੇ ਸੇਵਾ ਨਿਭਾਅ ਰਹੇ ਸ੍ਰੀਮਤੀ ਆਸ਼ਿਮਾ ਮੱਕੜ ਅੱਜ 30 ਸਤੰਬਰ ਨੂੰ 29 ਸਾਲ ਦੀ ਬੇਦਾਗ ਸੇਵਾ ਉਪਰੰਤ ਸੇਵਾਮੁਕਤ ਹੋ ਰਹੇ ਹਨ। ਉਹ ਆਪਣੇ ਵਿਦਿਆਰਥੀਆਂ, ਸਹਿਯੋਗੀ ਅਧਿਆਪਕਾਂ ਤੇ ਸਟਾਫ਼ ਦੇ ਚਹੇਤੇ ਅਧਿਆਪਕ ਹਨ ਅਤੇ ਹਰ ਇੱਕ ਨਾਲ ਆਪਣਾਪਣ ਸਾਂਝਾ ਕਰਨ ਵਾਲੀ ਅਧਿਆਪਕਾ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਵਿੱਚ ਸਕੂਲ ਵਿਚ ਅਮਿੱਟ ਛਾਪ ਛੱਡ ਜਾਣਗੇ। ਉਨ੍ਹਾ ਦੁਆਬੇ ਦੇ ਮਸ਼ਹੂਰ ਕਾਲਜ ਹੰਸ ਰਾਜ ਮਹਿਲਾ ਵਿਦਿਆਲਿਆ ਜਲੰਧਰ ਤੋਂ ਆਪਣੀ ਗ੍ਰੈਜੂਏਸ਼ਨ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਮਲੋਟ ਦੇ ਸਮਾਜਸੇਵੀ ਮੱਕੜ ਪਰਿਵਾਰ ਵਿੱਚ ਵਿਆਹ ਤੋਂ ਬਾਅਦ ਉਨ੍ਹਾ ਆਪਣੀ ਬੀ. ਐੱਡ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾ ਨੂੰ ਅਧਿਆਪਕ ਕੈਰੀਅਰ ਵਿਰਾਸਤ ਵਿੱਚ ਮਿਲਿਆ, ਕਿਉਂਕਿ ਉਨ੍ਹਾਂ ਦੇ ਸੱਸ ਤੇ ਸਹੁਰਾ ਸਿੱਖਿਆ ਦੇ ਖੇਤਰ ਨਾਲ ਜੁੜੇ ਹੋਣ ਕਰਕੇ ਉਨ੍ਹਾ ਨੂੰ ਸਿੱਖਿਆ ਖੇਤਰ ਵਿੱਚ ਆਪਣੀ ਸੇਵਾ ਕਰਨ ਦਾ ਮੌਕਾ ਮਿਲਿਆ, ਜਿਸ ਦੀ ਸ਼ੁਰੂਆਤ ਉਨ੍ਹਾ ਡੀ.ਏ.ਵੀ. ਸਕੂਲ ਤੋਂ ਕੀਤੀ ਅਤੇ ਆਪਣੇ ਕਾਰਜਕਾਲ ਦੇ 29 ਸਾਲ ਦੀ ਸੇਵਾ ਵਿੱਚ ਹਜ਼ਾਰਾਂ ਬੱਚਿਆਂ ਨੂੰ ਬਿਹਤਰ ਸਿੱਖਿਆ ਦੇ ਕੇ ਨਵੀਆਂ ਉਚਾਈਆਂ ਦੇਣ ਦੇ ਕਾਬਿਲ ਬਣਾਇਆ ਤੇ ਹੁਣ ਉਨ੍ਹਾ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਕਈ ਵਿਦਿਆਰਥੀ ਉੱਚ ਅਹੁਦਿਆਂ 'ਤੇ ਬਿਰਾਜ਼ਮਾਨ ਹਨ। ਉਨ੍ਹਾ ਨੇ ਆਪਣੇ ਕਾਰਜਕਾਲ ਦੌਰਾਨ ਮੁੱਢਲੀਆਂ ਕਲਾਸਾਂ ਨੂੰ ਸਿੱਖਿਆ ਮੁਹੱਈਆ ਕਰਵਾਏ ਜਾਣ ਦਾ ਟੀਚਾ ਮਿੱਥਿਆ, ਕਿਉਂਕਿ ਉਨ੍ਹਾ ਮੁਤਾਬਿਕ ਮੁੱਢਲੀ ਕਲਾਸ ਹੀ ਨੀਂਹ ਦਾ ਕੰਮ ਕਰਦੀ ਹੈ ਤੇ ਜੇਕਰ ਵਿਦਿਆਰਥੀ ਦੀ ਨੀਂਹ ਮਜ਼ਬੂਤ ਹੈ ਤਾਂ ਉਸ ਨੂੰ ਵੱਡੀਆਂ ਪੁਲਾਂਘਾਂ ਪੁੱਟਣ ਤੋਂ ਕੋਈ ਰੋਕ ਨਹੀਂ ਸਕਦਾ। ਉਨ੍ਹਾ ਆਪਣੇ ਪਤੀ ਰਾਕੇਸ਼ ਮੋਹਨ ਮੱਕੜ ਇੰਜੀਨੀਅਰ ਸੀਵਰੇਜ ਬੋਰਡ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਹੈ। ਉਨ੍ਹਾ ਦੇ ਦੋਵੇਂ ਸਪੁੱਤਰ ਅਨਿਰੁੱਧ ਤੇ ਅਨੀਸ਼ ਮੱਕੜ ਅਤੇ ਨੂੰਹ ਨੁਪੂਰ ਮੱਕੜ ਕੈਨੇਡਾ ਵਿਖੇ ਬਤੌਰ ਇੰਜੀਨੀਅਰ ਉੱਚ ਅਹੁਦਿਆਂ 'ਤੇ ਬਿਰਾਜ਼ਮਾਨ ਹਨ। ਅੱਜ ਉਨ੍ਹਾਂ ਦੀ ਸੇਵਾ ਮੁਕਤੀ 'ਤੇ ਸਹਾਰਾ ਸੇਵਾ, ਪ੍ਰੈੱਸ ਕਲੱਬ ਮਲੋਟ ਆਦਿ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਨੇ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਚੰਗੀ ਸਿਹਤ ਤੇ ਸਮਾਜ ਨਾਲ ਜੁੜੇ ਰਹਿਣ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਹਨ।

-ਗੁਰਮੀਤ ਸਿੰਘ ਮੱਕੜ

ਜਨਮ ਦਿਨ ਮੁਬਾਰਕ

ਪ੍ਰਿਥਵਿਕਨ ਸੋਧੀ

ਵਿਸ਼ਾਲ ਸਿੰਘ ਮੰਡੇਰ

ਫਲਸਤੀਨੀਆਂ ਦੇ ਹੱਕ 'ਚ ਸੂਬਾਈ ਇਕੱਠ 7 ਨੂੰ

ਜਲੰਧਰ (ਕੇਸਰ, ਰਾਜੇਸ਼ ਥਾਪਾ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ), ਸੀ ਪੀ ਆਈ (ਐਮ ਐਲ) ਨਿਊ ਡੈਮੋਕ੍ਰੇਸੀ, ਸੀ ਪੀ ਆਈ (ਐਮ ਐਲ) ਲਿਬ੍ਰੇਸ਼ਨ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਆਉਂਦੀ 7 ਅਕਤੂਬਰ ਨੂੰ 'ਦੇਸ਼ ਭਗਤ ਯਾਦਗਾਰ ਜਲੰਧਰ' ਦੇ ਗ਼ਦਰੀ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਇਕ ਸਾਂਝੀ ਸੂਬਾਈ ਕਨਵੈਨਸ਼ਨ ਕੀਤੀ ਜਾਵੇਗੀ। ਇਹ ਜਾਣਕਾਰੀ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਸਾਥੀ ਪਰਗਟ ਸਿੰਘ ਜਾਮਾਰਾਏ, ਦਰਸ਼ਨ ਖਟਕੜ, ਗੁਰਮੀਤ ਸਿੰਘ ਬਖ਼ਤਪੁਰ, ਕਮਲਜੀਤ ਖੰਨਾ, ਰਤਨ ਸਿੰਘ ਰੰਧਾਵਾ, ਅਜਮੇਰ ਸਿੰਘ ਸਮਰਾ, ਰਾਜਬਿੰਦਰ ਸਿੰਘ ਰਾਣਾ ਅਤੇ ਨਾਰਾਇਣ ਦੱਤ ਨੇ ਦਿੱਤੀ ਹੈ।ਫਲਸਤੀਨੀਆਂ ਦੇ ਨਸਲਘਾਤ ਅਤੇ ਆਪਣੀ ਮਾਤ ਭੂਮੀ ਤੋਂ ਉਨ੍ਹਾਂ ਨੂੰ ਖਦੇੜਣ ਲਈ ਅਮਰੀਕਨ ਸਾਮਰਾਜ ਤੇ ਇਸ ਦੇ ਪੱਛਮੀ ਭਾਈਵਾਲਾਂ ਦੇ ਥਾਪੜੇ ਨਾਲ ਇਜ਼ਰਾਇਲ ਵਲੋਂ ਵਿੱਢੀ ਗਈ ਨਿਹੱਕੀ ਤੇ ਅਸਾਵੀਂ ਜੰਗ ਖਿਲਾਫ਼ ਕੀਤੀ ਜਾ ਰਹੀ ਇਸ ਕਨਵੈਨਸ਼ਨ ਨੂੰ ਹੋਰਨਾਂ ਤੋਂ ਇਲਾਵਾ ਆਰ ਐਮ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਵੀ ਸੰਬੋਧਨ ਕਰਨਗੇ।ਵਿਸ਼ਵ ਭਾਈਚਾਰੇ ਦੀਆਂ ਜੰਗਬੰਦੀ ਦੀਆਂ ਨਿਰੰਤਰ ਅਪੀਲਾਂ ਅਤੇ ਵਿਸ਼ਵ ਵਿਆਪੀ ਲੋਕ ਸੰਗਰਾਮ ਦੇ ਬਾਵਜੂਦ ਇਜ਼ਰਾਇਲ ਇਹ ਮਨੁੱਖ ਮਾਰੂ ਜੰਗ ਜਾਰੀ ਰੱਖਣ ਲਈ ਬਜ਼ਿਦ ਹੈ, ਜਿਸ ਵਿਚ ਹੁਣ ਤਾਈਂ ਬਹੁ ਗਿਣਤੀ ਮਾਸੂਮ ਬੱਚਿਆਂ ਤੇ ਔਰਤਾਂ ਸਮੇਤ ਲਗਭਗ 50 ਹਜ਼ਾਰ ਨਿਰਦੋਸ਼ ਲੋਕ ਮਾਰ ਮੁਕਾਏ ਗਏ ਹਨ। ਜੰਗਬਾਜਾਂ ਦੀ ਇਸੇ ਅੜੀ ਕਾਰਣ ਇਸ ਕੁਲਹਿਣੀ ਜੰਗ ਦੇ ਨਿਊਕਲਰ ਹਥਿਆਰਾਂ ਵਾਲੀ ਸੰਸਾਰ ਜੰਗ ਵਿਚ ਤਬਦੀਲ ਹੋਣ ਦੇ ਖਤਰੇ ਦਿਨੋ-ਦਿਨ ਵਧਦੇ ਤੁਰੇ ਜਾ ਰਹੇ ਹਨ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ 'ਤੇ ਮੈਰਾਥਨ

ਨਵਾਂਸ਼ਹਿਰ, (ਮਨੋਜ ਲਾਡੀ)- ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਸਬੰਧੀ ਖਟਕੜ ਕਲਾਂ ਵਿਖੇ ਮਨਾਏ ਜਾ ਰਹੇ ਇਨਕਲਾਬ ਮੇਲੇ ਤਹਿਤ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਦੀ ਲੜੀ ਵਿੱਚ ਅੱਜ ਸਵੇਰੇ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਇਕ ਮੈਰਾਥਨ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਅਗਵਾਈ ਵਿੱਚ ਕਰਵਾਈ ਇਸ ਮੈਰਾਥਨ ਵਿੱਚ ਐਸ.ਐਸ.ਪੀ ਡਾ. ਮਹਿਤਾਬ ਸਿੰਘ, ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ, ਜ਼ਿਲ੍ਹਾ ਮਾਲ ਅਫਸਰ ਮਨਦੀਪ ਸਿੰਘ ਮਾਨ, ਜ਼ਿਲ੍ਹਾ ਖੇਡ ਅਫਸਰ ਵੰਦਨਾ ਚੌਹਾਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਧਿਕਾਰੀਆਂ, ਵਲੰਟੀਅਰਾਂ, ਵਿਦਿਆਰਥੀਆਂ ਅਤੇ ਆਮ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਅਨੇਕਾਂ ਬਲੀਦਾਨੀਆਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈ ਰਹੇ ਹਾਂ। ਇਸ ਮੌਕੇ ਐਸ.ਐਸ.ਪੀ ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਅਤੇ ਹੋਰਨਾਂ ਉਸਾਰੂ ਗਤੀਵਿਧੀਆਂ ਵੱਲ ਪ੍ਰੇਰਿਤ ਕਰਨ ਲਈ ਅਜਿਹੇ ਉਪਰਾਲੇ ਕਾਰਗਰ ਸਿੱਧ ਹੋਣਗੇ।ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਸ਼ਾਨਦਾਰ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਬੱਚਿਆਂ ਨੂੰ ਚੰਗੀ ਸੇਧ ਦੇਣ ਲਈ ਅਜਿਹੇ ਉਪਰਾਲੇ ਲਗਾਤਾਰ ਜਾਰੀ ਰਹਿਣੇ ਚਾਹੀਦੇ ਹਨ।ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣ ਦਾ ਸੁਨੇਹਾ ਦਿੰਦੀ ਇਹ ਮੈਰਾਥਨ ਆਈ.ਟੀ.ਆਈ ਨਵਾਂਸ਼ਹਿਰ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਚੌਕ ਤੋਂ ਹੁੰਦੀ ਹੋਈ ਆਰ.ਕੇ ਆਰੀਆ ਕਾਲਜ ਨਵਾਂਸ਼ਹਿਰ ਵਿਖੇ ਸਮਾਪਤ ਹੋਈ। ਇਸ ਮੌਕੇ ਸਾਰੇ ਭਾਗੀਦਾਰਾਂ ਲਈ ਰਿਫਰੈਸ਼ਮੈਂਟ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਇਸ ਮੈਰਾਥਨ ਪ੍ਰਤੀ ਨੌਜਵਾਨਾਂ ਅਤੇ ਬੱਚਿਆਂ ਵਿੱਚ ਬੇਹੱਦ ਉਤਸ਼ਾਹ ਦੇਖਿਆ ਗਿਆ। ?

ਇਕੋਤਰੀ ਸਮਾਗਮ ਦੌਰਾਨ ਹੋਈ ਅੰਮ੍ਰਿਤ ਦੀ ਵਰਖਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਵਿਸ਼ਵ ਪ੍ਰਸਿੱਧ ਮਹਾਨ ਸਾਲਾਨਾ ਇਕੋਤਰੀ ਸਮਾਗਮ ਮੌਕੇ ਸਜਾਏ ਗਏ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਸੰਤ ਬਾਬਾ ਗੁਰਦਿਆਲ ਸਿੰਘ ਤੋਂ ਇਲਾਵਾਂ ਹੋਰ ਕਈ ਮਹਾਂਪੁਰਸ਼ਾ ਨੇ ਸ਼ਿਰਕਤ ਕਰਦਿ